P.O.Regn. G/CHD/0090/2024-2026 ਭੇਟਾ 10/-

# ਗੁਰਬਾਣੀ ਚਾਨਣੁ

ਅੰਕ 03 ਨਾਨਕਸ਼ਾਹੀ ਸੰਮਤ 555 ਫੱਗਣ/ਚੇਤ ਮਾਰਚ, 2024 ਸਾਲ 42

**ਪੀਪਾ** ॥ ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ ॥ ਕਾਇਅਉ ਧੂਪ ਦੀਪ ਨਈਬੇਦਾ ਕਾਇਅਉ ਪੂਜਉ ਪਾਤੀ ॥੧॥ ਕਾਇਆ ਬਹੁ ਖੰਡ ਖੋਜਤੇ ਨਵ ਨਿਧਿ ਪਾਈ ॥ ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ ॥੧॥ ਰਹਾਉ ॥ ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥ ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥੨॥੩॥ (ਅੰਗ-੬੯੫)

'ਗੁਰਬਾਣੀ ਇਸੁ ਜਗ ਮਹਿ ਚਾਨਣੁ'
ਪ੍ਰਚਾਰ ਤੇ ਪ੍ਰਸਾਰ ਸੰਸਥਾ
ਭਵਨ ਨੰ. 6, ਫੇਜ 3-ਏ, ਐਸ.ਏ.ਐਸ.ਨਗਰ (ਮੋਹਾਲੀ)
E-mail : gurbanichanan1125@gmail.com ਫੋਨ : 0172-2913729
Website : WWW.GURBANICHANAN.ORG 98156-50812

ੴ ਸਤਿਗੁਰ ਪ੍ਰਸਾਦਿ ॥

**ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥**
**ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥**

(ਰਾਗੁ ਬਿਲਾਵਲੁ ਮਹਲਾ ੧ ਚਉਪਦੇ ਘਰੁ ੧ ॥, ਅੰਗ-੭੯੬)

## ਸੰਸਥਾ ਦੇ ਕਾਰਜਾਂ ਲਈ ਬੈਂਕ ਵਿੱਚ ਸਹਾਇਤਾ ਰਾਸ਼ੀ ਭੇਜਣ ਲਈ ਪਤਾ :

**Bank A/C Name : Gurbani Iss Jag Meh Chanan**
**Bank Name : Panjab National Bank (Phase-1, Mohali)**
**Bank A/c No : 1155000100132409**
**IFSC Code : PUNB0040810**
**SWIFT Code (FOR FOREIGN REMITTENCE)**
**PUNBINBBMOH**

**SCAN & PAY**

9815650812m@pnb

MERCHANT: GURBANI ISS JAG MEH CHANAN

**ਸੰਸਥਾ ਦੇ ਕਾਰਜਾਂ ਲਈ ਸਹਾਇਤਾ ਭੇਜਣ ਲਈ**
**PAYTM/GPAY ਲਈ QR Code**


**ਬਾਨੀ (Founder) : ਗੁਰਪੁਰਵਾਸੀ ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ**
**ਮੁੱਖ ਸੇਵਾਦਾਰ : ਸ.ਕੁਲਬੀਰ ਸਿੰਘ**
**ਮੁੱਖ ਸੰਪਾਦਕ : ਡਾ.ਪਰਮਜੀਤ ਸਿੰਘ** **ਸਹਿ ਸੰਪਾਦਕ : ਡਾ.ਗੁਰਬਚਨ ਸਿੰਘ**
**ਸੰਪਾਦਕੀ ਬੋਰਡ : ਸ.ਹਰੀ ਸਿੰਘ ਕੁਵੈਤ ਵਾਲੇ, ਸ.ਗੁਲਜਾਰ ਸਿੰਘ**


## ਤਤਕਰਾ


| | | |
|---|---|---|
| 1. ਭਗਤ ਪੀਪਾ ਜੀ-ਜੀਵਨ ਤੇ ਰਚਨਾ | ਡਾ.ਪਰਮਜੀਤ ਸਿੰਘ | 03 |
| 2. ਜਿਉ ਮਛੁਲੀ ਬਿਨੁ ਪਾਣੀਐ... | ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ | 10 |
| 3. ਵੱਡੇ ਘਲੂਘਾਰੇ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਕਿਵੇਂ ਸੰਭਾਲੀ | ਡਾ.ਗੁਰਬਚਨ ਸਿੰਘ | 19 |
| 4. ਸ੍ਰੀ ਗੁਰੂ ਅੰਗਦ ਦੇਵ ਜੀ ਦੇ ਕੁਝ ਜਗਿਆਸੂ ਸਿੱਖ | ਸ.ਗੁਲਜਾਰ ਸਿੰਘ | 30 |
| 5. ਖਬਰਾਵਲੀ | ਸੰਪਾਦਕ | 35 |



ਨੋਟ : ਪਰਚੇ ਵਿਚ ਛਪੇ ਲੇਖਾਂ ਵਿਚ ਲੇਖਕਾਂ ਦੇ ਆਪਣੇ ਵਿਚਾਰ ਹਨ। ਬੇਸ਼ਕ ਸਾਰੇ ਲੇਖ ਪੂਰੀ ਛਾਣ-ਬੀਨ ਤੋਂ ਬਾਅਦ ਛਾਪੇ ਜਾਂਦੇ ਹਨ, ਪਰ ਫੇਰ ਵੀ ਸੰਪਾਦਕੀ ਬੋਰਡ ਦਾ ਇਨ੍ਹਾਂ ਨਾਲ ਸਹਿਮਤ ਹੋਣਾ ਜਰੂਰੀ ਨਹੀਂ।



ਪ੍ਰਿੰਟਰ ਅਤੇ ਪਬਲਿਸ਼ਰ **ਡਾ.ਪਰਮਜੀਤ ਸਿੰਘ** ਨੇ **"ਗੁਰਬਾਣੀ ਇਸੁ ਜਗ ਮਹਿ ਚਾਨਣੁ"** ਪ੍ਰਚਾਰ ਤੇ ਪ੍ਰਸਾਰ ਸੰਸਥਾ ਵਾਸਤੇ ਮਜੈਸਟਿਕ ਪ੍ਰਿੰਟਿੰਗ ਪ੍ਰੈਸ, ਮੋਹਾਲੀ ਤੋਂ ਛਪਵਾ ਕੇ ਸੰਸਥਾ ਦੇ ਦਫਤਰ ਭਵਨ ਨੰ.6, ਫੇਜ਼-3-ਏ, ਮੋਹਾਲੀ (ਪੰਜਾਬ) ਤੋਂ ਪ੍ਰਕਾਸ਼ਿਤ ਕੀਤਾ।

### ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥

# ਭਗਤ ਪੀਪਾ ਜੀ-ਜੀਵਨ ਤੇ ਰਚਨਾ

-ਡਾ: ਪਰਮਜੀਤ ਸਿੰਘ , ਮੋ.87259-00257

ਭਗਤ ਰਾਮਾਨੰਦ ਜੀ ਉੱਤਰੀ ਭਾਰਤ ਦੇ ਪ੍ਰਸਿੱਧ ਭਗਤਾਂ ਵਿੱਚੋਂ ਹੋਏ ਹਨ, ਜਿਨ੍ਹਾਂ ਦਾ ਇੱਕ ਸਬਦ ਬਸੰਤ ਰਾਗ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਹੈ। ਆਪਣੀ ਵਿਦਵਤਾ ਤੇ ਭਗਤੀ ਭਾਵਨਾ ਕਰਕੇ ਇਹ ਆਪਣੇ ਗੁਰੂ ਰਾਘਵਾਨੰਦ ਨਾਲੋਂ ਵੀ ਵਧੇਰੇ ਪ੍ਰਸਿੱਧੀ ਪ੍ਰਾਪਤ ਕਰ ਗਏ । ਆਪ ਦੇ ਕੋਈ ੫੦੦ ਦੇ ਕਰੀਬ ਚੇਲੇ ਬਣੇ ਦੱਸੇ ਜਾਂਦੇ ਹਨ। ਪਰ ਉਨ੍ਹਾਂ ਵਿੱਚੋਂ ੧੨ ਚੇਲੇ ਵਧੇਰੇ ਪ੍ਰਸਿੱਧ ਹੋਏ ਹਨ ਜਿਨ੍ਹਾਂ ਦਾ ਜ਼ਿਕਰ ਭਗਤਮਾਲ ਤੇ ਤੇ ਹੋਰ ਵਿਦਵਾਨਾਂ ਦੀਆਂ ਪੁਸਤਕਾਂ ਵਿਚ ਅਕਸਰ ਆਇਆ ਹੈ। ਇਨ੍ਹਾਂ ੧੨ ਚੇਲਿਆ ਵਿੱਚੋਂ ਜਿਨ੍ਹਾਂ ਦੀ ਰਚਨਾ ਨੂੰ ਪ੍ਰਵਾਨਗੀ ਮਿਲੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋ ਕੇ ਗੁਰਬਾਣੀ ਦਾ ਦਰਜਾ ਮਿਲਿਆ, ਉਹ ਹਨ : ਕਬੀਰ ਜੀ, ਰਵਿਦਾਸ ਜੀ, ਸੈਣ ਜੀ, ਧੰਨਾ ਜੀ ਤੇ ਪੀਪਾ ਜੀ ।

**ਪੀਪਾ ਜੀ ਦਾ ਜਨਮ** : ਪੀਪਾ ਜੀ ਦੇ ਜਨਮ ਕਾਲ ਬਾਰੇ ਵਿਦਵਾਨਾਂ ਵਿੱਚ ਮਤਭੇਦ ਹਨ । ਗਿਆਨੀ ਨਰੈਣ ਸਿੰਘ ਜੀ ਅਨੁਸਾਰ, 'ਗਗਨੌਰ ਦੇ ਰਾਜਾ ਪੀਪਾ ਜੀ ਦਾ ਜਨਮ ੧੪੮੩ ਬਿਕਰਮੀ ਨੂੰ ਹੋਇਆ।'[੧] ਪਰ ਪੰਡਿਤ ਨਰੈਣ ਸਿੰਘ ਮੁਜੰਗਾ ਵਾਲੇ ਦਾ ਵਿਚਾਰ ਹੈ, 'ਸੰਮਤ ੧੪੦੬ ਬਿਕ੍ਰਮੀ ਵਿੱਚ ਘਟਨ ਨਗਰ ਵਿੱਚ ਇਕ ਰਾਜਪੂਤ ਕੌਮ ਦੇ ਰਾਜ ਘਰਾਣੇ ਵਿਚ ਪੀਪਾ ਜੀ ਦਾ ਜਨਮ ਹੋਇਆ।'[੨] ਗਿਆਨੀ ਬਿਸ਼ਨ ਸਿੰਘ ਜੀ ਨੇ ਪੀਪਾ ਜੀ ਦਾ ਜਨਮ ੧੪੨੫ ਈਸਵੀ ਨੂੰ ਹੋਇਆ ਮੰਨਿਆ ਹੈ।[੩] ਡਾ. ਪਰਸੂਰਾਮ ਚਤੁਰਵੇਦੀ ਨੇ ਪੀਪਾ ਜੀ ਦਾ ਜਨਮ ਸਮਾਂ ਸੰਮਤ ੧੪੬੫-੧੪੭੫ ਦੇ ਆਸ ਪਾਸ ਨਿਸਚਿਤ ਕੀਤਾ ਹੈ।[੪] ਮੈਕਾਲਫ ਨੇ ਇਹਨਾਂ ਦਾ ਜਨਮ ੧੪੨੫ ਈ. ਮੰਨਿਆ ਹੈ।[੫]

ਕਨਿੰਘਮ ਨੇ ਗਾਗਰੌਨ ਦੀ ਵੰਸ਼ਾਵਲੀ ਦੇ ਆਧਾਰ ਤੇ ਪੀਪਾ ਜੀ ਦਾ ਸਮਾਂ ੧੩੬੦ ਤੋਂ ੧੩੮੫ ਈ: ਦੇ ਵਿਚਕਾਰ ਠਹਿਰਾਇਆ ਹੈ ।

ਜਨਰਲ ਕਨਿੰਘਮ ਦੇ ਅਨੁਸਾਰ ਪੀਪਾ ਜੀ ਜੈਤ ਪਾਲ ਤੋਂ ਚੌਥੀ ਪੀੜ੍ਹੀ ਵਿੱਚ ਹੋਏ ਹਨ ।

(੧) ਜੈਤਪਾਲ (੨) ਸਾਵਤ ਸਿੰਘ (੩) ਰਾਵ ਕੈਰਵਾਂ (੪) ਪੀਪਾ ਜੀ

(੫) ਦਾਵਾਰਿਕਾ ਨਾਥ (੬) ਅਚਲ ਦਾਸ ।

ਅਬੁਲ ਫਜਲ ਨੇ ਲਿਖਿਆ ਹੈ ਕਿ ਮਾਨਿਕ ਦੇਵ ਦੇ ਵੰਸ਼ਜ ਜੈਤਪਾਲ ਨੇ ਮੁਸਲਮਾਨਾਂ ਤੋਂ ਮਾਲਵਾ ਖੋਹ ਲਿਆ ਸੀ । ਇਹ ਘਟਨਾ ਪ੍ਰਿਥਵੀ ਰਾਜ ਦੀ ਮੌਤ ਤੋਂ ੧੩੧ ਸਾਲ ਪਿੱਛੋਂ ਦੀ ਹੈ । ਸੰਮਤ ੧੩੯੧ ਵਿਚ ਪ੍ਰਿਥਵੀ ਰਾਜ ਦੀ ਮੌਤ ਦੱਸੀ ਜਾਂਦੀ ਹੈ। ਜੈਤਰਾਵ ਮਾਨਕ ਦੇਵ ਤੋਂ ਪੰਜਵੀਂ ਪੀੜ੍ਹੀ ਵਿੱਚ ਹੋਏ ਹਨ ਅਤੇ ਮਾਨਕ ਦੇਵ ਪ੍ਰਿਥਵੀ ਰਾਜ ਦੇ ਸਮਕਾਲੀ ਸਨ । ਫਿਰਿਸਤਾ ਅਨੁਸਾਰ ਪੀਪਾ ਜੀ ਤੋਂ ਦੋ ਪੀੜ੍ਹੀ ਪਿੱਛੋਂ ਅਚਲ ਦਾਸ ਤੋਂ ਸੁਲਤਾਨ ਹੋਸ਼ੰਗ ਗੋਰੀ ਨੇ ਸੰਨ ੧੪੨੬ ਈ: ਵਿਚ ਗਾਗਰੌਨਗੜ੍ਹ ਖੋਹ ਲਿਆ ਸੀ । ਇਹ ਵੀ ਕਿਹਾ ਜਾਂਦਾ ਹੈ ਕਿ ਸੰਨ ੧੪੪੯ ਈ. ਵਿੱਚ ਅਚਲ ਦਾਸ ਮੁਸਲਮਾਨਾਂ ਦੇ ਨਾਲ ਯੁੱਧ ਵਿੱਚ ਮਾਰਿਆ ਗਿਆ ਸੀ। ਇਨ੍ਹਾਂ ਸਾਰੀਆਂ ਗੱਲਾਂ ਨੂੰ ਮੱਦੇ ਰੱਖਦੇ ਹੋਏ ਕਨਿੰਘਮ ਨੇ ਪੀਪਾ ਜੀ ਦਾ ਸਮਾਂ ੧੩੬੦ ਈ. ਤੋਂ ੧੩੯੪ ਈ. ਤਕ ਮੰਨਿਆ ਹੈ। ਸੰਨ ੧੨੫੦ ਤੋਂ ੧੫੦੫ ਤਕ ਦੇ ੨੫੫ ਸਾਲਾਂ ਵਿੱਚ ਪੀਪਾ ਜੀ ਵੰਸ਼ ਵਿੱਚ ੧੦ ਪੀੜੀਆਂ ਹੋਈਆਂ ਜਿਸ ਤੋਂ ਹਰੇਕ ਪੀੜ੍ਹੀ ਦੇ ਲਈ ਲਗਭਗ ੨੫ ਸਾਲ ਠਹਿਰਦੇ ਹਨ । ਇਸ ਹਿਸਾਬ ਨਾਲ ੧੪੨੦ ਤੋਂ ੧੪੫੫ ਤਕ ਉਨ੍ਹਾਂ ਦਾ ਸਮਾਂ ਮੰਨਣਾ ਉਚਿੱਤ ਨਹੀਂ। ਇਹ ਉਨ੍ਹਾਂ ਦੇ ਰਾਜਕਾਲ ਦਾ ਸਮਾਂ ਹੋ ਸਕਦਾ ਹੈ । ਉਨ੍ਹਾਂ ਦਾ ਜੀਵਨ ਕਾਲ ਲਗਭਗ ਸੰਨ ੧੪੧੦ ਤੋਂ ੧੪੬੦ ਤਕ ਮੰਨਣਾ ਚਾਹੀਦਾ ਹੈ।[੬]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਪੀਪਾ ਜੀ ਦੇ ਜਨਮ ਸਮੇਂ ਬਾਰੇ ਵੱਖ-ਵੱਖ ਵਿਦਵਾਨਾਂ ਦੀ ਵੱਖ-੨ ਰਾਏ ਹੈ । ਇਸ ਲਈ ਉਨ੍ਹਾਂ ਦੇ ਜਨਮ ਬਾਰੇ ਨਿਸ਼ਚਿਤ ਤੌਰ ਤੇ ਕੁੱਝ ਨਹੀਂ ਕਿਹਾ ਜਾ ਸਕਦਾ ਪਰ ਫਿਰ ਵੀ ਵਧੇਰੇ ਵਿਦਵਾਨਾਂ ਦੀ ਸਹਿਮਤੀ ਦੇ ਆਧਾਰ ਤੇ ੧੪੨੬ ਈ. ਜ਼ਰੂਰ ਮੰਨਿਆ ਜਾ ਸਕਦਾ ਹੈ।

**ਮੁੱਢਲਾ ਜੀਵਨ ਤੇ ਗੁਰੂ ਧਾਰਨਾ :** ਚੜ੍ਹਦੀ ਜਵਾਨੀ ਵਿੱਚ ਪੀਪਾ ਜੀ ਪਿਤਾ ਦੀ ਮੌਤ ਪਿੱਛੋਂ ਰਾਜ ਗੱਦੀ ਤੇ ਬੈਠੇ । ਇਨ੍ਹਾਂ ਦੀਆਂ ੧੨ ਰਾਣੀਆਂ ਸਨ ਪਰ ਸਭ ਤੋਂ ਛੋਟੀ ਤੇ ਸੁੰਦਰ ਰਾਣੀ ਸੀਤਾ ਜੀ ਨਾਲ ਆਪਦਾ ਪਿਆਰ ਵਧੇਰੇ ਸੀ । ਇਹ ਸੌਂਗਣੀ ਬਣਕੇ ਅੰਤਮ ਸਮੇਂ ਤਕ ਆਪ ਦੇ ਨਾਲ ਵਿਚਰਦੀ ਰਹੀ। ਮੁੱਢ ਵਿਚ ਪੀਪਾ ਜੀ ਦੇਵੀ ਦੇ ਉਪਾਸ਼ਕ ਸਨ ਤੇ ਨਿਤਾ ਪ੍ਰਤੀ ਦੇਵੀ ਮੰਦਰ ਵਿੱਚ ਜਾ ਕੇ ਪੂਜਾ ਕਰਦੇ ਸਨ ਪਰ ਨਾਲ ਹੀ ਸਾਧਾਂ ਸੰਤਾਂ ਨਾਲ ਮਿਲਕੇ ਵਿਚਾਰ-ਚਰਚਾ ਵੀ ਕਰਿਆ ਕਰਦੇ ਸਨ । ਕਿਹਾ ਜਾਂਦਾ ਹੈ ਕਿ ਇੱਕ ਸੰਤਾਂ ਦੀ ਟੋਲੀ ਇਨ੍ਹਾਂ ਪਾਸ ਆਈ, ਜਿਨ੍ਹਾਂ ਨਾਲ ਵਿਚਾਰ ਚਰਚਾ ਤੋਂ ਪਿਛੋਂ ਉਨ੍ਹਾਂ ਦੇ ਉਪਦੇਸ਼ ਅਨੁਸਾਰ ਆਪ ਨੇ ਦੇਵੀ ਪੂਜਾ ਨੂੰ ਤਿਆਗ ਦਿਤਾ ਤੇ ਸੁਆਮੀ ਰਾਮਾਨੰਦ ਜੀ ਦੇ ਸ਼ਿਸ਼ ਬਣਨ ਲਈ ਉਨ੍ਹਾਂ ਨੂੰ ਮਿਲਣ ਚਲ ਪਏ।

ਜਦੋਂ ਰਾਮਾਨੰਦ ਜੀ ਪਾਸ ਪੁੱਜੇ ਤਾਂ ਸੇਵਕ ਨੇ ਅੱਗੋਂ ਰੋਕ ਦਿੱਤਾ। ਪੀਪਾ ਜੀ ਨੇ ਕਿਹਾ 'ਜਾ ਕੇ ਅਰਜ਼ ਕਰੋ ਕਿ ਗਾਗਰੌਨ ਦਾ ਰਾਜਾ ਪੀਪਾ ਸ੍ਰੀ ਮਹਾਰਾਜ ਦੇ ਦਰਸ਼ਨਾਂ ਨੂੰ ਹਾਜ਼ਰ ਹੋਇਆ ਹੈ।' ਸੇਵਕ ਨੇ ਸੁਆਮੀ ਜੀ ਪਾਸੋਂ ਆ ਕੇ ਉੱਤਰ ਦਿੱਤਾ, "ਰਾਜਿਆਂ ਨਾਲ ਸਾਡਾ ਕੀ ਵਾਸਤਾ ਹੈ ? ਇਹ ਘਰ ਗਰੀਬਾਂ ਦਾ ਹੈ, ਰਾਜਿਆਂ ਦਾ ਇਥੇ ਕੋਈ ਕੰਮ ਨਹੀਂ ਤੇ ਨਾ ਹੀ ਸਾਡਾ ਉਨ੍ਹਾਂ ਨਾਲ ਮੇਲ ਹੈ।" ਇਹ ਬਚਨ ਸੁਣ ਕੇ ਪੀਪਾ ਜੀ ਨੇ ਸਾਰੀ ਧੰਨ ਸੰਪਤੀ ਵੰਡ ਦਿਤੀ ਤੇ ਗਰੀਬ ਬਣ ਕੇ ਜਾ ਕੇ ਫਿਰ ਬੇਨਤੀ ਕੀਤੀ । ਸੁਆਮੀ ਜੀ ਨੇ ਕਿਹਾ, "ਜੇ ਐਨੀ ਛੇਤੀ ਸਿੱਖ ਹੋਣਾ ਹੈ ਅਤੇ ਉਪਦੇਸ਼ ਲੈਣਾ ਹੈ ਤਾਂ ਖੂਹ ਵਿਚ ਛਾਲ ਮਾਰਦੇ।" ਇਹ ਆਗਿਆ ਸੁਣਕੇ ਖੂਹ ਵਿਚ ਛਾਲ ਮਾਰਨ ਲਈ ਚਲ ਪਏ ਅਤੇ ਖੂਹ ਤੇ ਪੁੱਜਕੇ ਛਾਲ ਮਾਰਨ ਹੀ ਲੱਗੇ ਸਨ ਕਿ ਸੁਆਮੀ ਜੀ ਦੇ ਸੇਵਕਾਂ ਨੇ ਰੋਕ ਲਿਆ। ਫਿਰ ਸੁਆਮੀ ਜੀ ਪਾਸ ਲੈ ਗਏ । ਆਪ ਸੁਆਮੀ ਜੀ ਦੇ ਦਰਸ਼ਨ ਕਰਕੇ ਨਿਹਾਲ ਹੋ ਗਏ। ਰਾਮਾਨੰਦ ਜੀ ਨੇ ਕ੍ਰਿਪਾ ਕੀਤੀ ਤੇ ਵਿਧੀ ਪੂਰਵਕ ਪੀਪਾ ਜੀ ਨੂੰ ਚੇਲਾ ਬਣਾ ਲਿਆ ਅਤੇ ਬਚਨ ਕੀਤਾ, ਹੁਣ ਘਰ ਚਲੇ ਜਾਉ ਤੇ ਉਥੇ ਹੀ ਹਰਿ ਭਗਤੀ ਤੇ ਸੰਤਾਂ ਦੀ ਸੇਵਾ ਕਰੋ ।

ਪੀਪਾ ਜੀ ਨੇ ਆਪਣੇ ਰਾਜਕਾਲ ਸਮੇਂ ਰਾਮਾਨੰਦ ਜੀ ਨੂੰ ਆਪਣੇ ਨਗਰ 'ਗਗਨੌਰ' ਸੱਦਿਆ ਸੀ, ਜਿਸ ਵਿਚ ਭਗਤਮਾਲ ਅਨੁਸਾਰ ਰਾਮਾਨੰਦ ਜੀ ਆਪਣੇ ਚੇਲਿਆਂ ਸਮੇਤ ਕਬੀਰ ਜੀ ਤੇ ਰਵਿਦਾਸ ਜੀ ਸ਼ਾਮਲ ਹੋਏ । ਪੀਪਾ ਜੀ ਨੇ ਆਪ ਦੇ ਪੁੱਜਣ ਤੇ ਬੜਾ ਸੁਆਗਤ ਕੀਤਾ ।

ਪ੍ਰਭ ਨਿਜ ਪ੍ਰਣ ਕੋ ਪ੍ਰਤਪਾਲੀਏ ਸੁਣ ਗੁਣ ਆਏ ਭੂਪਪੁਰ ।
ਸੰਗ ਲੀਏ ਕਬੀਰ ਰੈਦਾਸ ਸਭ ਆਗੇ ਹੈਵ ਨਿਪਲੀਨ ਗੁਰ। (ਭਗਤਮਾਲ ਨਾਭਾ ਜੀ)

ਇੱਕ ਸਮੇਂ ਪੀਪਾ ਜੀ ਨੇ ਆਪਣੇ ਰਾਜਭਾਗ ਤੋਂ ਉਪਰਾਮ ਹੋ ਕੇ ਬੈਰਾਗ ਧਾਰਨ ਕਰ ਲਿਆ ਤੇ ਆਪਣੀ ਪਤਨੀ ਸੀਤਾ ਜੀ ਸਮੇਤ ਰਾਜਸਥਾਨ ਦੇ ਟੋਡਾ ਨਗਰ ਪੁੱਜੇ ਤੇ ਉੱਥ ਇੱਕ ਮੰਦਰ ਵਿੱਚ ਰਹਿਣ ਲੱਗੇ । ਇੱਥੋਂ ਦਾ ਰਾਜਾ ਸੂਰਸੈਨ ਆਪ ਦੀ ਭਗਤੀ ਭਾਵ ਤੇ ਤਿਆਗ ਨੂੰ ਵੇਖ ਕੇ ਪ੍ਰਭਾਵਿਤ ਹੋਇਆ ਤੇ ਆਪ ਦਾ ਸ਼ਿਸ਼ ਬਣ ਗਿਆ ।

ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਮੇਲ : ਕਬੀਰ, ਧੰਨਾ, ਸੈਣ, ਰਵਿਦਾਸ ਆਦਿ ਪੀਪਾ ਜੀ ਦੇ ਸਮਕਾਲੀ ਸਨ । ਪੁਸ਼ਕਰ ਦੇ ਨੇੜੇ 'ਟੋਡਾਨਗਰ' ਵਿਚ ਹੀ ਪੀਪਾ ਜੀ ਦਾ ਗੁਰੂ ਨਾਨਕ ਦੇਵ ਜੀ ਨਾਲ ਮੇਲ ਹੋਇਆ ਮੰਨਿਆ ਜਾਂਦਾ ਹੈ । ਪੀਪਾ ਜੀ ਨੇ ਕਾਇਆ ਵਿਚੋਂ ਸਭ ਕੁਝ ਖੋਜਣ ਦੀ ਗੱਲ ਕਹੀ ਹੈ । ਗੁਰੂ ਨਾਨਕ ਦੇਵ ਜੀ ਦਾ ਇੱਕ ਵਾਕ ਹੈ :

ਜੋ ਬ੍ਰਹਮੰਡਿ ਖੰਡਿ ਸੋ ਜਾਣਹੁ ॥ ਗੁਰਮੁਖਿ ਬੂਝਹੁ ਸਬਦਿ ਪਛਾਣਹੁ ॥

ਘਟਿ ਘਟਿ ਭੋਗੇ ਭੋਗਣਹਾਰਾ ਰਹੈ ਅਤੀਤੁ ਸਬਾਇਆ ॥੧੪॥ (ਅੰਗ-੧੦੪੧)

ਪੀਪਾ ਜੀ ਦਾ ਵਾਕ 'ਜੋ ਬ੍ਰਹਿਮੰਡੇ ਸੋਈ ਪਿੰਡੇ' ਇਸੇ ਵਾਕ ਦਾ ਅਨੁਕਰਣ ਹੈ । ਹੋਰ ਵੇਖੋ ਪੀਪਾ ਜੀ ਲਿਖਦੇ ਹਨ :

ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥ (ਅੰਗ-੬੯੫)

ਇਹ ਵਾਕ ਸਿੱਧ ਕਰਦਾ ਹੈ ਕਿ ਪੀਪਾ ਜੀ ਨੂੰ ਸਤਿਗੁਰੂ (ਨਾਨਕ ਦੇਵ ਜੀ) ਮਿਲੇ, ਜਿਨ੍ਹਾਂ ਤੋਂ ਪੀਪਾ ਜੀ ਨੂੰ ਪਰਮ ਤੱਤ ਦੀ ਸੋਝੀ ਹੋਈ । ਹੋ ਸਕਦਾ ਹੈ ਕਿ ਇਹ ਸ਼ਬਦ ਪੀਪਾ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਿਲਣ ਪਿੱਛੋਂ ਹੀ ਰਚਿਆ ਹੋਵੇ। ਇਸ ਸੰਬੰਧੀ ਹੋਰ ਵਧੇਰੇ ਖੋਜ ਦੀ ਲੋੜ ਹੈ।

**ਜੀਵਨ ਨਾਲ ਸਬੰਧਤ ਸਾਖੀਆਂ** : ਆਪ ਦੇ ਜੀਵਨ ਨਾਲ ਸਬੰਧਿਤ ਅਨੇਕਾਂ ਹੀ ਕਰਾਮਾਤੀ ਸਾਖੀਆਂ ਮਿਲਦੀਆਂ ਹਨ ਜੋ ਕਿ 'ਭਗਤ ਮਾਲ' ਵਿੱਚ ਦਰਜ਼ ਹਨ।

ਕੁੱਝ ਸਮਾਂ ਆਪ ਨੇ ਦਵਾਰਕਾ ਵਿਖੇ ਆਪਣੀ ਸੁਪਤਨੀ ਸੀਤਾ ਜੀ ਸਮੇਤ ਬਿਤਾਇਆ। ਇਥੇ ਦੋਹਾਂ ਦੀ ਅਧਿਆਤਮਿਕ ਉੱਚਤਾ ਤੇ ਭਗਤੀ ਦੀ ਕੀਰਤੀ ਆਲੇ ਦੁਆਲੇ ਫੈਲ ਗਈ । ਫਲ ਸਰੂਪ ਸੰਭਾਵਿਤ ਨਿੱਜੀ ਅਭਿਮਾਨ ਦੇ ਡਰੋਂ ਪੀਪਾ ਜੀ ਦਵਾਰਕਾ ਛੱਡ ਕੇ ਤੁਰ ਪਏ । ਉਹ ਅਜੇ ਕੁਝ ਮੰਜਲਾਂ ਹੀ ਤਹਿ ਕਰ ਪਾਏ ਸਨ ਕਿ ਰਸਤੇ ਵਿਚ ਕੁਝ ਅਫਗਾਨ ਸਿਪਾਹੀਆਂ ਨੇ ਉਨ੍ਹਾਂ ਨੂੰ ਘੇਰ ਲਿਆ। ਉਹ ਸੀਤਾ ਜੀ ਦੀ ਸੁੰਦਰਤਾ ਤੇ ਮੋਹਿਤ ਹੋ ਕੇ ਉਸ ਨੂੰ ਪਕੜ ਕੇ ਲੈ ਗਏ । ਸੀਤਾ ਜੀ ਘਬਰਾਏ ਨਹੀਂ ਤੇ ਆਪਣੇ ਪਰਮੇਸ਼ਰ ਦੀ ਆਰਾਧਨਾ ਕਰਨ ਲੱਗੇ । ਉਸ ਵੇਲੇ ਇਕ ਅਜਿਹਾ ਤੂਫਾਨ ਆਇਆ ਤੇ ਝੱਖੜ ਝੁਲਣ ਲੱਗਾ ਕਿ ਸਿਪਾਹੀਆਂ ਨੂੰ ਆਪਣੀ ਜਾਨ ਦੀ ਪੈ ਗਈ ਤੇ ਉਹ ਸੀਤਾ ਜੀ ਨੂੰ ਛੱਡ ਕੇ ਚਲੇ ਗਏ। ਸੀਤਾ ਜੀ ਆਪਣੇ ਪਤੀ ਪਾਸ ਵਾਪਸ ਪੁੱਜ ਗਏ।

ਇਕ ਹੋਰ ਸਾਖੀ ਅਨੁਸਾਰ ਪੀਪਾ ਜੀ ਸਵੇਰੇ ਨਦੀ ਤੇ ਇਸ਼ਨਾਨ ਕਰਨ ਗਏ ਤਾਂ ਉਥੇ ਉਨ੍ਹਾਂ ਨੂੰ ਮੋਹਰਾਂ ਦੀ ਭਰੀ ਹੋਈ ਗਾਗਰ ਨਜਰੀਂ ਪਈ । ਭਗਤ ਜੀ ਨੇ ਮਾਇਆ ਨਾਗਣੀ ਆਖ ਕੇ ਛੁਹਿਆ ਨਾ। ਰਾਤੀਂ ਉਨ੍ਹਾਂ ਸੀਤਾ ਜੀ ਨਾਲ ਇਸ ਬਾਰੇ ਗੱਲ ਕੀਤੀ। ਸੀਤਾ ਜੀ ਨੇ ਕਿਹਾ ਕਿ ਉਹ ਉਧਰ ਇਸ਼ਨਾਨ ਕਰਨ ਹੀ ਨਾ ਜਾਣ। ਕੁੱਝ ਚੋਰ ਇਹ ਗੱਲ ਸੁਣ ਰਹੇ ਸਨ । ਉਨ੍ਹਾਂ ਉਥੇ ਪਹੁੰਚ ਕੇ ਗਾਗਰ ਵੇਖੀ ਤੇ ਜਿਉਂ ਹੀ ਉਸ ਵਿੱਚੋਂ ਮੋਹਰਾਂ ਕੱਢਣ ਲਈ ਹੱਥ ਪਾਉਣ ਲੱਗੇ, ਉਸੇ ਵੇਲੇ ਉਸ ਵਿਚ ਸੱਪ ਵੇਖਿਆ। ਚੋਰਾਂ ਸਮਝਿਆ ਕਿ ਭਗਤ ਜੀ ਨੇ ਉਨ੍ਹਾਂ ਨਾਲ ਮਖੌਲ ਕੀਤਾ ਹੈ ਜਾਂ ਉਹ ਉਨ੍ਹਾਂ ਨੂੰ ਮਾਰਨਾ ਚਾਹੁੰਦੇ ਸਨ। ਸੋ ਉਨ੍ਹਾਂ ਉਹ ਗਾਗਰ ਬੰਦ ਕਰਕੇ ਰਾਤ ਨੂੰ ਭਗਤ ਜੀ ਦੇ ਘਰ ਅੱਗੇ ਰੱਖ

ਗਏ। ਅਗਲੀ ਭਲਕ ਜਦੋਂ ਦੋਹਾਂ ਪਤੀ-ਪਤਨੀ ਨੇ ਉਹ ਗਾਗਰ ਵੇਖੀ ਤਾਂ ਇਸ ਨੂੰ ਰੱਬੀ ਦਾਤ ਜਾਣਕੇ ਉਸ ਨਾਲ ਇਕ ਵੱਡਾ ਜੱਗ ਕੀਤਾ।

ਇਕ ਹੋਰ ਸਾਖੀ ਅਨੁਸਾਰ ਭਗਤ ਜੀ ਨੇ ਇਕ ਬ੍ਰਹਮਣ ਨੂੰ ਜੋ ਕਿ ਦੇਵੀ ਦਾ ਉਪਾਸ਼ਕ ਸੀ ਇਕ ਨਿਰੰਕਾਰ ਦੀ ਪੂਜਾ ਕਰਨ ਤੇ ਲਾਇਆ।

ਭਗਤ ਜੀ ਦੇ ਨਾਂ ਨਾਲ ਇਕ ਤੇਲਣ ਦੇ ਮੁਰਦਾ ਪਤੀ ਨੂੰ ਜਿਵਾਲਣ ਦੀ ਸਾਖੀ ਵੀ ਜੁੜੀ ਹੋਈ ਹੈ।

ਇਨ੍ਹਾਂ ਸਾਖੀਆਂ ਦੀ ਯਥਾਰਥਿਕਤਾ ਭਾਵੇਂ ਖੋਜ ਦੀ ਮੁਥਾਜ ਹੈ, ਪਰ ਇਹ ਭਗਤ ਜੀ ਦੇ ਜੀਵਨ ਉਤੇ ਚੰਗਾ ਚਾਨਣਾ ਪਾਉਂਦੀਆਂ ਹਨ।

ਰਚਨਾ : ਪੀਪਾ ਜੀ ਦਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਧਨਾਸਰੀ ਰਾਗ ਦਾ ਇੱਕ ਪਦਾ ਮਿਲਦਾ ਹੈ ਜੋ ਆਰਤੀ ਰੂਪ ਵਿੱਚ ਹੈ। ਪਾਠ ਇਸ ਪ੍ਰਕਾਰ ਹੈ :

ਪੀਪਾ ॥ ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ ॥ ਕਾਇਅਉ ਧੂਪ ਦੀਪ ਨਈਬੇਦਾ ਕਾਇਅਉ ਪੂਜਉ ਪਾਤੀ ॥੧॥ ਕਾਇਆ ਬਹੁ ਖੰਡ ਖੋਜਤੇ ਨਵ ਨਿਧਿ ਪਾਈ ॥ ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ ॥੧॥ ਰਹਾਉ ॥ ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥ ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥੨॥੩॥ (ਅੰਗ- ੬੯੫)

ਗਿਆਨੀ ਹਰਬੰਸ ਸਿੰਘ ਜੀ ਨੇ ਇਸ ਦੇ ਅਰਥ ਇਸ ਪ੍ਰਕਾਰ ਕੀਤੇ ਹਨ : ਹੇ ਭਾਈ ! ਸਰੀਰ ਹੀ ਹਰੀ ਦਾ ਮੰਦਰ ਹੈ, ਸਰੀਰ ਵਿਚ ਹੀ ਦੇਵਤਾ ਭਾਵ ਪ੍ਰਕਾਸ਼ ਰੂਪ ਹਰੀ ਬੈਠਾ ਹੋਇਆ ਹੈ। ਕਾਇਆ ਦੀ ਖੋਜ ਮੇਰੇ ਲਈ ਜੰਗਮ ਅਤੇ ਯਾਤਰੀ ਬਣਨਾ ਹੈ। ਕਾਇਆ ਦੀ ਖੋਜ ਹੀ ਮੇਰੇ ਲਈ ਧੂਪ, ਦੀਵੇ ਤੇ ਨਈਵੇਦ (ਛਕਣ ਲਈ ਪਰਸ਼ਾਦ) ਆਦਿ ਹੈ। ਕਾਇਆ ਦੀ ਖੋਜ ਹੀ ਪੱਤਰ (ਭੇਟ ਕਰਕੇ ਪ੍ਰਭੂ ਦੀ) ਪੂਜਾ ਕਰਦਾ ਹਾਂ।

ਕਾਇਆ ਦੇ ਅੰਦਰ ਬਹੁਤ ਖੰਡ ਖੋਜਦੇ ਹੋਏ ਮੈਂ ਪ੍ਰਭੂ ਦੇ ਨਾਮ ਰੂਪੀ ਨਉਨਿੱਧੀ ਪਾ ਲਈ ਹੈ। ਨਾ ਕੁਝ ਆਂਦਾ ਹੈ ਨਾ ਜਾਂਦਾ ਹੈ। ਮੈਂ ਤਾਂ ਰਾਮ ਨਾਮ ਦੀ ਦੁਹਾਈ ਦੇ ਰਿਹਾ ਹਾਂ।

ਹੇ ਭਾਈ, ਜੋ ਹਰੀ ਬ੍ਰਹਮੰਡ ਵਿੱਚ ਵਿਆਪਕ ਹੈ ਉਹੀ ਸਰੀਰ ਵਿੱਚ ਹੈ, ਪਰ ਜੋ ਖੋਜਦਾ ਹੈ, ਉਹ ਉਸ ਨੂੰ ਪਾ ਲੈਂਦਾ ਹੈ। ਪੀਪਾ ਭਗਤ ਬੇਨਤੀ ਕਰਦਾ ਹੈ ਕਿ ਉਹ ਪ੍ਰਭੂ ਪਰਮ ਤੱਤ (ਅਸਲੀ ਤੱਤ) ਹੈ। ਜੋ ਸਤਿਗੁਰੂ ਵਾਲਾ ਹੋਵੇ, ਉਸ ਨੂੰ ਉਹ ਹਿਰਦੇ ਵਿਚ ਹੀ ਜਣਾ ਦਿੰਦਾ ਹੈ।

ਦਾਰਸ਼ਨਿਕ ਵਿਚਾਰ : ਇਸ ਸ਼ਬਦ ਵਿੱਚ ਭਗਤ ਜੀ ਨੇ ਸਰੀਰ ਨੂੰ ਮੰਦਰ ਕਿਹਾ

ਹੈ, ਜਿਸ ਵਿੱਚ ਹਰੀ ਦਾ ਵਾਸਾ ਹੈ । ਗੁਰਬਾਣੀ ਵਿਚ ਅਜਿਹੇ ਭਾਵ ਦੇ ਕਈ ਸ਼ਬਦ ਮਿਲਦੇ ਹਨ :

ਕਾਇਆ ਹਰਿ ਮੰਦਰੁ ਹਰਿ ਆਪਿ ਸਵਾਰੇ ॥
ਤਿਸੁ ਵਿਚਿ ਹਰਿ ਜੀਉ ਵਸੈ ਮੁਰਾਰੇ ॥ (ਅੰਗ-੧੦੫੯)

ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ ॥ (ਅੰਗ-੧੩੪੬)

ਇਸ ਸ਼ਬਦ ਵਿੱਚ ਭਗਤ ਜੀ ਆਪਣੇ ਸਰੀਰ ਅੰਦਰੋਂ ਹੀ ਖੋਜ ਕਰਨ ਦਾ ਉਪਦੇਸ਼ ਦਿੰਦੇ ਹਨ, ਅਤੇ ਆਖਦੇ ਹਨ ਕਿ ਸਰੀਰ ਅੰਦਰ ਵਸਦੇ ਪ੍ਰਭੂ ਨੂੰ ਸਿਮਰਨ ਦੁਆਰਾ ਪਾਇਆ ਜਾ ਸਕਦਾ ਹੈ ।

ਕਾਇਆਂ ਦੇ ਅੰਦਰ ਅਨੇਕ ਖੰਡ ਹਨ ਜਿਨ੍ਹਾਂ ਦੀ ਭਗਤ ਜੀ ਨੇ ਖੋਜ ਕੀਤੀ ਹੈ। ਗੁਰੂ ਅਮਰ ਦਾਸ ਜੀ ਦਾ ਫੁਰਮਾਣ ਹੈ :

ਇਸੁ ਕਾਇਆ ਅੰਦਰਿ ਬਹੁਤੁ ਪਸਾਰਾ ॥
ਨਾਮੁ ਨਿਰੰਜਨੁ ਅਤਿ ਅਗਮ ਅਪਾਰਾ ॥ (ਅੰਗ-੧੧੨)

ਭਗਤ ਜੀ ਵਲੋਂ ਜਿਹੜਾ ਦਾਰਸ਼ਨਿਕ ਸਿਧਾਂਤ ਪੇਸ਼ ਕੀਤਾ ਗਿਆ ਹੈ, ਉਹ ਹੈ :

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥

ਇਸ ਸਿਧਾਂਤ ਦੀ ਪੁਸ਼ਟੀ ਲਈ ਗੁਰਬਾਣੀ ਵਿੱਚ ਕਈ ਪੰਕਤੀਆਂ ਮਿਲਦੀਆਂ ਹਨ :

ਜੋ ਬ੍ਰਹਮੰਡਿ ਖੰਡਿ ਸੋ ਜਾਣਹੁ ॥ ਗੁਰਮੁਖਿ ਬੂਝਹੁ ਸਬਦਿ ਪਛਾਣਹੁ ॥ (ਅੰਗ-੧੦੪੧)

ਤਿਨਿ ਕਰਤੈ ਇਕੁ ਖੇਲੁ ਰਚਾਇਆ ॥
ਕਾਇਆ ਸਰੀਰੈ ਵਿਚਿ ਸਭੁ ਕਿਛੁ ਪਾਇਆ ॥
ਸਬਦਿ ਭੇਦਿ ਕੋਈ ਮਹਲੁ ਪਾਏ ਮਹਲੇ ਮਹਲਿ ਬੁਲਾਵਣਿਆ ॥੩॥ (ਅੰਗ-੧੧੭)

ਸਤਿਗੁਰੂ ਦੀ ਲੋੜ : ਭਗਤ ਜੀ ਨੇ ਕਾਇਆ ਵਿਚ ਵਸਦੇ ਹਰੀ ਨੂੰ ਖੋਜਣ ਵਾਸਤੇ ਸਤਿਗੁਰੂ ਦੀ ਲੋੜ ਤੇ ਜ਼ੋਰ ਦਿਤਾ ਹੈ । ਉਨ੍ਹਾਂ ਦਾ 'ਸਤਿਗੁਰੂ ਹੋਇ ਲਖਾਵੇ' ਕਹਿਣ ਤੋਂ ਭਾਵ, ਸਤਿਗੁਰੂ ਹੀ ਐਸੀ ਸ਼ਕਤੀ ਹੈ ਜੋ ਜੀਵ ਨੂੰ ਕਾਇਆਂ ਵਿਚ ਵਸਦੇ ਬ੍ਰਹਮੰਡ ਤੇ ਉਸ ਦੇ ਮਾਲਕ ਹਰੀ ਨੂੰ ਜਣਾ ਸਕਦੀ ਹੈ ।

ਅੰਤਰਿ ਬਾਹਰਿ ਏਕੋ ਜਾਣੈ ॥ ਗੁਰ ਕੈ ਸਬਦੇ ਆਪੁ ਪਛਾਣੈ ॥ (ਅੰਗ-੨੨੪)

ਸਮੁੱਚੀ ਗੁਰਬਾਣੀ ਵਿਚ ਜੀਵ ਨੂੰ ਅੰਦਰ ਛੁਪੇ ਪਰਮ ਤੱਤ ਨੂੰ ਖੋਜਣ ਲਈ ਉਪਦੇਸ਼ ਹੈ ਤੇ ਨਾਲ ਹੀ ਇਸ ਖੋਜ ਵਿੱਚ ਸਹਾਇਕ ਗੁਰੂ ਦੀ ਲੋੜ ਤੇ ਜ਼ੋਰ ਦਿੱਤਾ ਗਿਆ ਹੈ ।

ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥
(ਅੰਗ-੧੦੨)

ਇਸ ਪ੍ਰਕਾਰ ਭਗਤ ਪੀਪਾ ਜੀ ਨੇ ਇਕ ਛੋਟੇ ਜਿਹੇ ਸ਼ਬਦ ਰਾਹੀਂ ਗੁਰਬਾਣੀ ਦੇ ਤੱਤ ਸਾਰ ਨੂੰ ਸਪੱਸ਼ਟ ਕਰ ਦਿਤਾ ਹੈ । ਮੱਧ ਕਾਲੀਨ ਭਗਤਾਂ ਵਿਚ ਆਪ ਦਾ ਵਿਸ਼ੇਸ਼ ਸਥਾਨ ਹੈ ।

**ਹਵਾਲੇ :** ੧) ਸ੍ਰੀ ਗੁਰ ਭਗਤਮਾਲ ਸਟੀਕ-ਗਿ ਨਰੈਣ ਸਿੰਘ ਪੰਨਾ ੧੦੨, ੨) ਗੁਰ ਭਗਤ ਮਾਲ-ਪੰਡਤ ਨਰੈਣ ਸਿੰਘ ਪੰਨਾ ੨੧੪, ੩) ਗੁਰਭਗਤ ਮਾਲ-ਗਿਆਨੀ ਬਿਸ਼ਨ ਸਿੰਘ ਪੰਨਾ ੨੧੪, ੪) ਉਤਰੀ ਭਾਰਤ ਕੀ ਸੰਤ ਪਰੰਪਰਾ-ਪਰਸੂ ਰਾਮ ਚਤੁਰਵੇਦੀ ਪੰ: ੨੩੬, ੫) ਸਿੱਖ ਧਰਮ-ਮੈਕਾਲਫ ਪੰਨਾ ੧੧੧, ੬) ਹਿੰਦੀ ਸਾਹਿਤਯ ਮੇਂ ਨਿਰਗੁਣ ਕਾਵਿ-ਧਾਰਾ-ਪੀਤਾਂਬਰ ਦੱਤ ਪੰਨਾ ੪੯-੫੦

# ਜਰੂਰੀ ਸੂਚਨਾ

ਗੁਰਬਾਣੀ ਚਾਨਣੁ ਭਵਨ ਨੰ.੬, ਫੇਜ ੩ ਏ, ਐਸ.ਏ.ਐਸ.ਨਗਰ ਵਿੱਚ ਜਿਥੇ ਮਾਸਿਕ ਪਤ੍ਰਿਕਾ ਦੀ ਛਪਾਈ ਤੇ ਤਿਆਰੀ ਹੁੰਦੀ ਹੈ। ਉਸ ਦੇ ਨਾਲ ਨਾਲ ਹਰ ਮਹੀਨੇ ਦੇ ਦੂਜੇ ਸ਼ਨੀਵਾਰ ਗੁਰਮਤਿ ਸਮਾਗਮ ੧੦.੦੦ ਤੋਂ ੦੧.੦੦ ਵਜੇ ਤਕ ਕੀਤਾ ਜਾਂਦਾ ਹੈ।

ਇਸੇ ਭਵਨ ਵਿੱਚ ਹਰ ਬੁੱਧਵਾਰ ਨੂੰ ੧੧ ਵਜੇ ਤੋਂ ੧੨.੩੦ ਤਕ ਗੁਰਮਤਿ ਵਿਚਾਰ ਸਭਾ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਵੱਖ-ਵੱਖ ਬਾਣੀਆਂ ਦੀ ਸੰਥਿਆ ਅਤੇ ਵਿਆਖਿਆ ਵੀ ਕੀਤੀ ਜਾਂਦੀ ਹੈ। ਆਪ ਸਭ ਨੂੰ ਇਸ ਵਿਚਾਰ ਸਭਾ ਵਿੱਚ ਸ਼ਾਮਲ ਹੋਣ ਦਾ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਗੁਰਬਾਣੀ ਚਾਨਣੁ ਸੰਸਥਾ ਦੇ ਪ੍ਰਬੰਧਕਾਂ ਵਲੋਂ ਫੈਸਲਾ ਕੀਤਾ ਗਿਆ ਹੈ ਕਿ ਸੰਗਤ ਨੂੰ ਗੁਰਬਾਣੀ ਚਾਨਣੁ ਦੇ ਭਵਨ ਵਿੱਚ ਆਪਣੇ ਖੁਸ਼ੀ/ਗਮੀ ਦੇ ਸਮਾਗਮਾਂ ਦੇ ਕਰਨ ਲਈ ਪੂਰੀ ਖੁੱਲ੍ਹ ਦਿੱਤੀ ਜਾਂਦੀ ਹੈ ਇਸ ਦੀ ਕੋਈ ਭੇਟਾ ਆਦਿ ਨਹੀਂ ਲਈ ਜਾਵੇਗੀ। ਕੇਵਲ ਪਹਿਲਾਂ ਪ੍ਰਬੰਧਕਾਂ ਨੂੰ ਸੂਚਿਤ ਕਰਨਾ ਹੋਵੇਗਾ ਤਾਂ ਜੋ ਪ੍ਰਬੰਧ ਕੀਤਾ ਜਾਵੇ ਜੀ। ਭਵਨ ਵਿੱਚ ਸੰਗਤ ਦੇ ਬੈਠਣ ਅਤੇ ਲੰਗਰ ਹਾਲ ਦਾ ਪ੍ਰਬੰਧ ਹੈ ਜੀ।

# ਜਿਉ ਮਛੁਲੀ ਬਿਨੁ ਪਾਣੀਐ ..

-ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ

ਮਛਲੀ ਨੂੰ ਆਮ ਤੌਰ ਤੇ ਅਸੀਂ ਮੱਛੀ ਆਖਦੇ ਹਾਂ। ਇਹ ਪਾਣੀ ਵਿੱਚ ਰਹਿਣ ਵਾਲਾ ਜੀਵ ਹੈ। ਪਾਣੀ ਤੋਂ ਬਿਨਾਂ ਇਸ ਦੇ ਜੀਵਨ ਦਾ ਮਿੰਟਾਂ ਸੈਕਿੰਟਾਂ ਵਿੱਚ ਹੀ ਅੰਤ ਹੋ ਜਾਂਦਾ ਹੈ। ਗੁਰੂ-ਗੁਰਬਾਣੀ ਅੰਦਰ ਇਸ ਦੇ ਜੀਵਨ ਦੀ ਉਦਾਹਰਣ ਬਾਰ-ਬਾਰ ਗੁਰੂ ਸਾਹਿਬ ਅਤੇ ਭਗਤਾਂ ਨੇ ਲਈ ਹੈ। ਜਿੱਥੇ ਕਿੱਥੇ ਹੋਰ ਜੀਵਾਂ ਦਾ ਪ੍ਰਮਾਤਮਾ ਦੇ ਪ੍ਰੇਮ ਪ੍ਰਤੀ ਜ਼ਿਕਰ ਹੈ, ਉੱਥੇ ਨਾਲ ਹੀ ਮਛਲੀ ਦਾ ਜ਼ਰੂਰ ਜ਼ਿਕਰ ਕੀਤਾ ਗਿਆ ਹੈ। ਗੁਰੂ ਵਾਕ ਹੈ:-

ਪਉੜੀ ॥ ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥ ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥ ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥ ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥ ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥੧੨॥ (ਅੰਗ-੭੦੮)

ਜਿਸ ਤਰ੍ਹਾਂ ਮਛਲੀ ਪਾਣੀ ਤੋਂ ਬਿਨਾਂ ਨਹੀਂ ਰਹਿ ਸਕਦੀ, ਪਾਣੀ ਤੋਂ ਬਿਨਾਂ ਉਸ ਦੇ ਜੀਵਨ ਦੀ ਖੇਡ ਝੱਟ ਹੀ ਸਮਾਪਤ ਹੋ ਜਾਂਦੀ ਹੈ, ਇਸੇ ਤਰਾਂ, ਇੱਕ ਜੀਵ ਦਾ ਨਾਮ 'ਚਾਤ੍ਰਿਕ' ਹੈ। ਉਸ ਨੂੰ ਕਈ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ, ਪਪੀਹਾ, ਬਾਬੀਹਾ, ਸਾਰੰਗ ਵੀ ਇਸ ਦਾ ਨਾਮ ਹੈ। ਆਖਿਆ ਜਾਂਦਾ ਹੈ ਕਿ ਇਹ ਬਾਰਿਸ਼ ਦੇ ਪਾਣੀ ਵਿੱਚੋਂ ਇੱਕ ਬੂੰਦ, ਜਿਸ ਨੂੰ ਸਵਾਂਤੀ ਬੂੰਦ ਆਖਿਆ ਜਾਂਦਾ ਹੈ, ਉਸ ਨੂੰ ਹੀ ਪੀਂਦਾ ਹੈ, ਉਸ ਤੋਂ ਬਿਨਾਂ ਇਸ ਦੀ ਪਿਆਸ ਨਹੀਂ ਬੁੱਝਦੀ, ਇਸ ਦੀ ਤ੍ਰਿਪਤੀ ਨਹੀਂ ਹੁੰਦੀ ਤੇ ਪ੍ਰਿਓ ਪ੍ਰਿਓ ਦੀ ਟੇਰ ਲਗਾਈ ਰੱਖਦਾ ਹੈ 'ਚਾਤ੍ਰਿਕ ਚਿਤ ਸੁਚਿਤ ਸੁ ਸਾਜਨੁ ਚਾਹੀਐ' ਸਵਾਂਤੀ ਬੂੰਦ ਤੋਂ ਬਿਨਾਂ ਕਿਸੇ ਹੋਰ ਨੂੰ ਇਹ ਨਹੀਂ ਚਾਹੁੰਦਾ। ਇਸੇ ਤਰਾਂ ਪ੍ਰਭੂ ਦਾ ਜਗਿਆਸੂ ਪ੍ਰਭੂ ਦੇ ਦਰਸ਼ਨਾਂ ਦੀ ਚਾਹਨਾ ਕਰਨ ਵਾਲਾ ਹਰੀ-ਰਸ ਤੋਂ ਬਿਨਾਂ ਹੋਰ ਕਿਸੇ ਨਾਲ ਤ੍ਰਿਪਤਿ ਨਹੀਂ ਹੁੰਦਾ।

ਨਾਦ, ਆਵਾਜ਼ ਨੂੰ ਕਿਹਾ ਜਾਂਦਾ ਹੈ। ਇਹ ਸੁਰੀਲੀ ਆਵਾਜ਼ ਦੀ ਸੰਗਿਆ ਗੁਰਬਾਣੀ ਅੰਦਰ ਅਨਹਦ ਨਾਦ ਅਤੇ ਅਨਹਤਿ ਨਾਦ ਨਾਲ ਦਰਜ਼ ਹੈ। ਅਨਹਦ ਨਾਦ, ਉਹ ਹੈ ਜੋ ਬਿਨਾਂ ਕਿਸੇ ਟਕਰਾਉਂਦੇ ਰੁਕਾਵਟ ਦੇ, ਇਕ ਰਸ, ਬਿਨਾਂ ਅੰਤ ਹੋਏ, ਸ਼ਬਦ ਦਾ ਨਾਦ, ਬ੍ਰਹਮੰਡ ਵਿੱਚ ਗੂੰਜਦਾ ਰਹਿੰਦਾ ਹੈ। ਨਾਦ ਦਾ ਭਾਵ ਹੈ, ਜੋ ਕਿਸੇ ਵਸਤੂ ਤੇ ਕਿਸੇ ਚੋਟ ਤੋਂ ਪੈਦਾ ਹੁੰਦਾ ਹੈ, ਜਿਵੇਂ ਦੋ ਭਾਂਡੇ ਆਪਸ ਵਿੱਚ ਖੜਕਣ। ਉਹ ਬੋਲਦੇ

ਹਨ। ਤਬਲੇ ਉੱਤੇ ਹੱਥ ਨਾਲ ਆਵਾਜ਼ ਕੱਢੀ ਜਾਂਦੀ ਹੈ, ਇਹ ਚੋਟ (ਆਹਤ) ਮਾਰੇ ਬਗੈਰ ਅਨਹਤ ਨਾਦ ਹੈ। ਸੋ ਜਦੋਂ ਸ਼ਿਕਾਰੀ ਵੱਲੋਂ ਕਿਸੇ ਤਰਾਂ ਘੰਟੀ ਦੁਆਰਾ ਜਾਂ ਹੋਰ ਕਿਸੇ ਤੰਤ੍ਰ ਰਾਹੀਂ ਨਾਦ ਪੈਦਾ ਕੀਤਾ ਜਾਂਦਾ ਹੈ, ਭਾਵ ਨਾਦ ਵਜਾਇਆ ਜਾਂਦਾ ਹੈ ਤਾਂ ਕੁਰੰਕ (ਮਿਰਗ) ਇਸ ਉੱਤੇ ਮਸਤ ਹੋਇਆ, ਆਵਾਜ਼ ਵੱਲ ਦੌੜਦਾ ਹੈ, ਸ਼ਿਕਾਰੀ ਦੇ ਸਾਹਮਣੇ ਆ ਜਾਂਦਾ ਹੈ, ਤਾਂ ਸ਼ਿਕਾਰੀ ਅਪਣਾ ਸ਼ਿਕਾਰ ਮਾਰ ਲੈਂਦਾ ਹੈ। ਨਾਦ ਦੀ ਪ੍ਰੀਤ ਉੱਤੇ ਮਿਰਗ ਅਪਣੀ ਜਾਨ ਵਾਰ ਦਿੰਦਾ ਹੈ। ਸੰਤ ਜਨਾਂ ਨੂੰ ਇਸੇ ਤਰ੍ਹਾਂ ਵਾਹਿਗੁਰੂ ਦੇ ਨਾਮ ਦੀ ਪ੍ਰੀਤ ਹੈ, ਜਿਸ ਨੂੰ ਜਪ ਜਪ ਕੇ ਉਹ ਨਾਮ ਵਿੱਚ ਹੀ ਸਮਾ ਜਾਂਦੇ ਹਨ।

ਅਗਲੀ ਉਦਾਹਰਣ, ਸਤਿਗੁਰੂ ਜੀ ਨੇ ਭਵਰੇ ਦੀ ਦਿੱਤੀ ਹੈ। ਜਿਸ ਨੂੰ ਆਪਾਂ ਭੌਰਾ ਵੀ ਆਖਦੇ ਹਾਂ। ਭਵਰਾ ਫੁੱਲਾਂ ਦੀ ਸੁਗੰਧੀ ਦਾ ਬੜਾ ਸ਼ੁਦਾਈ ਹੈ। ਜਿੱਥੇ ਵੀ ਸੁਹਣਾ ਖਿੜਿਆ ਫੁੱਲ ਉਸ ਨੂੰ ਨਜ਼ਰ ਆਵੇਗਾ, ਉਸ ਦੇ ਆਲੇ ਦੁਆਲੇ ਚੱਕਰ ਕੱਟੇਗਾ। ਉਸ ਉੱਤੇ ਬੈਠ ਕੇ ਰਸ ਚੂਸਣ ਲੱਗ ਜਾਵੇਗਾ। ਵਾਸਨਾ ਵਿੱਚ ਅਪਣੇ ਆਪ ਨੂੰ ਭੁੱਲ ਜਾਵੇਗਾ, ਇਥੋਂ ਤਕ ਕਿ ਕਈ ਵਾਰ ਫੁੱਲ ਦੇ ਵਿੱਚ ਫਸ ਕੇ ਅਪਣਾ ਆਪਾ ਹੀ ਗੁਆ ਬੈਠਦਾ ਹੈ।

ਮੱਛੀ, ਬਾਬੀਹਾ, ਹਿਰਨ ਅਤੇ ਭੌਰਾ ਦੀਆਂ ਉਦਾਹਰਣਾਂ ਦੇ ਕੇ ਸਤਿਗੁਰੂ ਜੀ ਸਮਝਾਉਂਦੇ ਹਨ ਕਿ ਦੇਖੋ ਇਨ੍ਹਾਂ ਦੀ ਪ੍ਰੀਤ ਕੈਸੀ ਹੈ। ਅਪਣੀ ਪ੍ਰੀਤ ਉੱਤੇ ਅਪਣਾ ਆਪਾ ਮਿਟਾ ਦਿੰਦੇ ਹਨ। ਇਸੇ ਤਰਾਂ ਹਰੀ ਦਾ ਜਨ, ਵਾਹਿਗੁਰੂ ਜੀ ਦਾ ਸੇਵਕ ਅਪਣੇ ਅੰਦਰ ਵਾਹਿਗੁਰੂ ਜੀ ਦੇ ਦਰਸ਼ਨ ਦੀ ਪ੍ਰੀਤ ਪਾਲਦਾ ਹੈ, ਵਾਹਿਗੁਰੂ ਜੀ ਦੇ ਦਰਸ਼ਨ ਤੋਂ ਬਿਨਾਂ ਉਸ ਦੀ ਤ੍ਰਿਪਤੀ ਨਹੀਂ ਹੁੰਦੀ।

ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ ॥
ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ ॥੧॥ (ਅੰਗ-੧੪੨੬)

ਸ੍ਰੀ ਗੁਰੂ ਤੇਗ ਬਹਾਦਰ ਜੀ ਫਰਮਾਉਂਦੇ ਹਨ ਐ ਜੀਵ ! ਤੂੰ ਅਪਣਾ ਜੀਵਨ ਨਿਰਾਰਥਕ ਗੁਵਾ ਰਿਹਾ ਹੈ। ਅਕਾਲ ਪੁਰਖ ਦੇ ਗੁਣ ਨਹੀਂ ਗਾਉਂਦਾ। ਅਕਾਲ ਪੁਰਖ, ਜਿਸ ਨੇ ਤੈਨੂੰ ਰਚਿਆ ਹੈ। ਸੁੰਦਰ ਦੇਹ ਦਿੱਤੀ ਹੈ, ਦਿਲ ਦਿਮਾਗ ਦਿੱਤਾ ਹੈ, ਅਨੇਕਾਂ ਪ੍ਰਕਾਰ ਦੇ ਭੋਜਨ, ਹੋਰ ਬੇਅੰਤ ਜੀਵਨ ਦੀਆਂ ਸਹੂਲਤਾਂ ਦਿੱਤੀਆਂ ਹਨ, ਉਸ ਨੂੰ ਯਾਦ ਕਰ, ਉਸ ਦੀ ਸਿਫਤ ਸਾਲਾਹ ਕਰ। ਅਪਣੇ ਮੂਲ ਨੂੰ ਚੇਤੇ ਰੱਖ ਤੇ ਉਸਦਾ ਸਿਮਰਨ ਕਰ। ਚੇਤੇ ਵੀ ਇਸ ਤਰਾਂ ਕਰ ਜਿਵੇਂ ਮੱਛੀ ਜਲ ਨੂੰ ਚੇਤੇ ਰੱਖਦੀ ਹੈ। ਜਲ ਤੋਂ ਜੁਦਾ ਹੀ ਨਹੀਂ ਹੋ ਸਕਦੀ, ਜੇਕਰ ਜੁਦਾ ਹੋਵੇ, ਤੁਰੰਤ ਅਪਣੇ ਪ੍ਰਾਣ ਤਿਆਗ ਦਿੰਦੀ ਹੈ। ਹੋਰ

ਅਚੰਭੇ ਦੀ ਗੱਲ ਦੇਖੋ ਮਰ ਕੇ ਵੀ ਪਾਣੀ ਦਾ ਤਿਆਗ ਨਹੀਂ ਕਰਦੀ, ਗੁਰੂ ਵਾਕ ਹੈ:-

ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ ॥ ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ ॥੧॥ ਮਾਧਵੇ ਜਾਨਤ ਹਹੁ ਜੈਸੀ ਤੈਸੀ ॥ ਅਬ ਕਹਾ ਕਰਹੁਗੇ ਐਸੀ ॥੧॥ ਰਹਾਉ ॥ ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ ॥ ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ ॥੨॥ (ਅੰਗ-੬੫੮)

ਮਛਲੀ ਦੀ ਕੁਰਬਾਣੀ ਦੀ ਗੱਲ ਕਰਦੇ ਹੋਏ ਭਗਤ ਰਵਿਦਾਸ ਜੀ ਅਕਾਲ ਪੁਰਖ ਨੂੰ ਆਖ ਰਹੇ ਹਨ ਕਿ ਹੇ ਪ੍ਰਭੂ ਜੀ ! ਤੁਸੀਂ ਜਾਣਦੇ ਹੋ ਕਿ ਸਾਡੀ ਪ੍ਰੀਤ ਤੁਹਾਡੇ ਨਾਲ ਕੈਸੀ ਹੈ, ਮਛਲੀ ਜੈਸੀ ਹੈ। ਤੁਸੀਂ ਸਮਝਦੇ ਹੀ ਹੋ। ਸੋ ਤੁਸੀਂ ਸਾਡੇ ਨਾਲ ਕੋਈ ਐਸੀ ਵੈਸੀ ਗੱਲ ਨਹੀਂ ਕਰ ਸਕਦੇ। ਅਸੀਂ ਜੇਕਰ ਸੰਸਾਰ ਦੇ ਮੋਹ ਮਾਇਆ ਵਿੱਚ ਫਸੇ ਹੋਏ ਹਾਂ, ਫੇਰ ਵੀ ਅਸੀਂ ਤੁਹਾਨੂੰ ਪ੍ਰੇਮ ਦੇ ਬੰਧਨ ਵਿੱਚ ਬੰਨ੍ਹਿਆ ਹੋਇਆ ਹੈ। ਅਸੀਂ ਤਾਂ ਤੁਹਾਨੂੰ ਵੀ ਸਿਮਰ ਸਿਮਰ ਕੇ ਛੁਟ ਗਏ ਹਾਂ, ਹੁਣ ਤੁਸੀਂ ਸਾਡੀਆਂ ਪ੍ਰੇਮ ਗੰਢਾਂ ਨਹੀਂ ਤੋੜ ਸਕਦੇ। ਸਾਥੋਂ ਹੁਣ ਤੁਸੀਂ ਛੁੱਟ ਨਹੀਂ ਸਕਦੇ ਬੇਸ਼ਕ ਕਿੰਨਾਂ ਹੀ ਜ਼ੋਰ ਲਾ ਲਵੋ ਸਾਡਾ ਪ੍ਰੇਮ ਹੁਣ ਨਹੀਂ ਟੁੱਟ ਸਕਦਾ। ਜਿਵੇਂ ਕਿ ਮਛਲੀ ਖਾਣ ਵਾਲੇ, ਉਸ ਨੂੰ ਪਕੜਦੇ ਹਨ, ਪਾਣੀ ਤੋਂ ਬਾਹਰ ਆਉਂਦੀ ਹੀ ਬੇਚਾਰੀ ਤੜਪ ਤੜਪ ਕੇ ਅਪਣੀ ਜਾਨ ਦੇ ਦਿੰਦੀ ਹੈ। ਮਰੀ ਹੋਈ ਮੱਛੀ ਨੂੰ ਮਾਸਾਹਾਰੀ, ਕੱਟ ਕੱਟ ਕੇ ਉਸ ਦੇ ਟੁਕੜੇ ਕਰਦਾ ਹੈ। ਫੇਰ ਉਸਨੂੰ ਲੂਣ ਮਿਰਚ ਲਗਾ ਕੇ ਕਈ ਤਰ੍ਹਾਂ ਨਾਲ ਉਸਨੂੰ ਰਿੰਨ੍ਹਦਾ ਹੈ। ਸਬਜ਼ੀ ਬਣਾਈ ਜਾਂਦੀ ਹੈ, ਪਕੌੜੇ ਬਣਾਏ ਜਾਂਦੇ ਹਨ ਜਾਂ ਤਲ ਕੇ ਇਸੇ ਤਰਾਂ ਖਾਧੀ ਜਾਂਦੀ ਹੈ। ਖਾਣ ਵੇਲੇ ਵੀ ਉਸ ਨੂੰ ਚਿੱਥ ਚਿੱਥ ਕੇ ਪਤਾ ਨਹੀਂ ਕਿੰਨੇ ਕੁ ਟੁਕੜੇ ਦੰਦਾਂ ਨਾਲ ਕਰਕੇ ਮਨੁੱਖ ਉਸਨੂੰ ਖਾਂਦਾ ਹੈ, ਪਰ ਭਗਤ ਜੀ ਆਖਦੇ ਹਨ ਕਿ ਪੇਟ ਵਿੱਚ ਜਾ ਕੇ ਐਸੀ ਅਵਸਥਾ ਵਿੱਚ ਵੀ ਉਸ ਦੀ ਪਿਆਸ ਨਹੀਂ ਬੁੱਝਦੀ। ਹਾਏ ਪਾਣੀ ! ਹਾਏ ਪਾਣੀ !! ਪੁਕਾਰਦੀ ਰਹਿੰਦੀ ਹੈ। ਇਸ ਤਰਾਂ ਮੱਛੀ ਖਾਣ ਵਾਲਿਆਂ ਨੂੰ ਪਤਾ ਹੈ ਕਿ ਉਨ੍ਹਾਂ ਨੂੰ ਪਾਣੀ ਦੀ ਪਿਆਸ ਕਿੰਨਾਂ ਸਤਾਉਂਦੀ ਹੈ।

ਸੋ ਭਗਤਾਂ ਦੀ ਵਾਹਿਗੁਰੂ ਨਾਲ ਐਸੀ ਪ੍ਰੀਤ ਹੈ, ਜੋ ਤੋੜਿਆਂ ਟੁੱਟ ਨਹੀਂ ਸਕਦੀ। ਭਗਤ ਅਪਣੀ ਕੁਰਬਾਨੀ ਦੇ ਦੇਂਦੇ ਹਨ, ਪਰ ਪ੍ਰਭੂ ਦਾ ਵਿਛੋੜਾ ਨਹੀਂ ਸਹਿ ਸਕਦੇ ਅਤੇ ਸਿਮਰਨ ਨਹੀਂ ਤਿਆਗਦੇ। ਸੰਸਾਰੀ ਮੋਹ ਮਾਇਆ ਦਾ ਜਾਲ ਤਾਂ ਮੁੜ-ਮੁੜ ਕੇ ਜਗਿਆਸੂ ਦੇ ਗਲੇ ਪੈਂਦਾ ਰਹਿੰਦਾ ਹੈ। ਪਰ ਸਤਿਗੁਰੂ ਦੀ ਕ੍ਰਿਪਾ ਦੁਆਰਾ ਗੁਰਮੁਖਾਂ ਨੂੰ

ਸੰਸਾਰੀ ਬੰਧਨਾਂ ਤੋਂ ਮੁਕਤੀ ਮਿਲ ਸਕਦੀ ਹੈ। ਗੁਰਵਾਕ ਹੈ :-

ਫਿਰਿ ਫਿਰਿ ਫਾਹੀ ਫਾਸੈ ਕਊਆ ॥ ਫਿਰਿ ਪਛੁਤਾਨਾ ਅਬ ਕਿਆ ਹੂਆ ॥ ਫਾਥਾ ਚੋਗ ਚੁਗੈ ਨਹੀ ਬੂਝੈ ॥ ਸਤਗੁਰੁ ਮਿਲੈ ਤ ਆਖੀ ਸੂਝੈ ॥ ਜਿਉ ਮਛੁਲੀ ਫਾਥੀ ਜਮ ਜਾਲਿ ॥ ਵਿਣੁ ਗੁਰ ਦਾਤੇ ਮੁਕਤਿ ਨ ਭਾਲਿ ॥ ਫਿਰਿ ਫਿਰਿ ਆਵੈ ਫਿਰਿ ਫਿਰਿ ਜਾਇ ॥ ਇਕ ਰੰਗਿ ਰਚੈ ਰਹੈ ਲਿਵ ਲਾਇ ॥ ਇਵ ਛੂਟੈ ਫਿਰਿ ਫਾਸ ਨ ਪਾਇ ॥੩੯॥ (ਅੰਗ-੯੩੫)

ਕਾਂ ਵਰਗੀ ਬ੍ਰਿਤੀ ਵਾਲਾ ਮਨੁੱਖ (ਥਾਂ-ਥਾਂ ਗੰਦਗੀ ਉਤੇ ਹੀ ਮੂੰਹ ਮਾਰਦਾ) ਬਾਰ ਬਾਰ ਪਾਪਾਂ ਦੀ ਫਾਹੀ ਵਿੱਚ ਫਸਦਾ ਹੈ। ਪਾਪ ਕਰਦਾ ਹੈ, ਫੇਰ ਪਛਤਾਉਂਦਾ ਵੀ ਹੈ ਕਿ ਆਹ ਕੀ ਹੋ ਗਿਆ ! ਜੇਕਰ ਉਸ ਨੂੰ ਸਤਿਗੁਰੂ ਦੀ ਪ੍ਰਾਪਤੀ ਹੋ ਜਾਵੇ ਤਾਂ ਹੀ ਇਸ ਫਾਹੀ ਤੋਂ ਬਾਹਰ ਨਿਕਲ ਸਕਦਾ ਹੈ, ਪਰ ਉਹ ਸਤਿਗੁਰੂ ਦੇ ਦੁਆਰ ਤੇ ਜਾਂਦਾ ਹੀ ਨਹੀਂ। ਮੱਛੀ ਜਿਵੇਂ ਮੌਤ ਦੇ ਜਾਲ ਵਿੱਚ ਫਸ ਜਾਂਦੀ ਹੈ, ਫੇਰ ਛੁੱਟ ਨਹੀਂ ਸਕਦੀ, ਭਾਵੇਂ ਕਿੰਨਾਂ ਹੀ ਜ਼ੋਰ ਲਾ ਲਵੇ। ਇਵੇਂ ਹੀ ਪਾਪਾਂ ਦੇ ਜਾਲ ਵਿੱਚ ਫਸਿਆ ਮਨੁੱਖ, ਮੁੜ-ਮੁੜ ਕੇ ਫੱਸਦਾ ਰਹਿੰਦਾ ਹੈ। ਜੰਮਦਾ-ਮਰਦਾ ਰਹਿੰਦਾ ਹੈ। ਉਸ ਦੇ ਛੁਟਣ ਦਾ ਇਕੋ ਇੱਕ ਤਰੀਕਾ ਹੈ ਕਿ ਸਤਿਗੁਰੂ ਤੋਂ ਗਿਆਨ ਤੇ ਜੁਗਤਿ ਲੈ ਪ੍ਰਭੂ ਦੇ ਨਾਲ ਅਪਣੀ ਲਿਵ ਜੋੜੇ, ਤਦ ਹੀ ਛੁਟਕਾਰਾ ਹੋ ਸਕਦਾ ਹੈ।

ਮਾਇਆ ਵਿੱਚ ਫਸੇ ਹੋਏ ਜੀਵਾਂ ਦੀ ਜੇਕਰ ਗੁਰਬਾਣੀ ਗਿਣਤੀ ਕਰਦੀ ਹੈ ਤਾਂ ਉਸ ਸ਼ਬਦ ਵਿੱਚ ਮਛਲੀ ਦਾ ਜ਼ਿਕਰ ਜ਼ਰੂਰ ਹੁੰਦਾ ਹੈ। ਕਬੀਰ ਸਾਹਿਬ ਦੇ ਭੈਰਉ ਰਾਗ ਵਿੱਚ ਬਚਨ ਹਨ :-

ਜਲ ਮਹਿ ਮੀਨ ਮਾਇਆ ਕੇ ਬੇਧੇ ॥ ਦੀਪਕ ਪਤੰਗ ਮਾਇਆ ਕੇ ਛੇਦੇ ॥ ਕਾਮ ਮਾਇਆ ਕੁੰਚਰ ਕਉ ਬਿਆਪੈ ॥ ਭੁਇਅੰਗਮ ਭ੍ਰਿੰਗ ਮਾਇਆ ਮਹਿ ਖਾਪੇ ॥੧॥ ਮਾਇਆ ਐਸੀ ਮੋਹਨੀ ਭਾਈ ॥ ਜੇਤੇ ਜੀਅ ਤੇਤੇ ਡਹਕਾਈ ॥੧॥ (ਅੰਗ-੧੧੬੦)

ਜਿਤਨੇ ਵੀ ਜੀਵ ਜੰਤੂ ਹਨ, ਉਹ ਸਾਰੇ ਮਾਇਆ ਦੇ ਚੱਕਰ ਵਿੱਚ ਵਿੰਨ੍ਹੇ ਹੋਏ ਹਨ। ਪਾਣੀ ਵਿੱਚ ਰਹਿਣ ਵਾਲੀਆਂ ਮੱਛੀਆਂ ਪਾਣੀ ਰੂਪ ਮਾਇਆ ਦੇ ਰਸ ਵਿੱਚ ਵਿੰਨ੍ਹੀਆਂ ਹੋਈਆਂ ਹਨ। ਚਾਨਣੁ ਉੱਤੇ ਮਰਨ ਵਾਲੇ ਪਤੰਗੇ ਵੀ ਮਾਇਆ ਦੇ ਹੀ ਰੂਪ ਹਨ। ਹਾਥੀਆਂ ਨੂੰ ਮਾਇਆ ਨੇ ਇਸ ਤਰਾਂ ਭਟਕਾਇਆ ਹੋਇਆ ਹੈ ਕਿ ਹਾਥੀ ਕਾਮ ਰਸ ਵਿੱਚ ਪੈ ਕੇ ਅਪਣੇ ਆਪ ਨੂੰ ਬੰਧਾ ਲੈਂਦਾ ਹੈ। ਸੱਪ ਧਰਤੀ ਦੀ ਸੁਗੰਧੀ ਅਤੇ ਭੌਰੇ

ਫੁੱਲਾਂ ਦੇ ਆਸ਼ਕ ਹਨ। ਇਹ ਮਾਇਆ ਦਾ ਪ੍ਰਭਾਵ ਐਸਾ ਹੈ ਕਿ ਸਭ ਕੋਈ ਇਸ ਦੇ ਅਧੀਨ ਹੀ ਜੀਅ ਰਿਹਾ ਹੈ। ਆਸਾ ਤ੍ਰਿਸਨਾ ਵਿੱਚ ਜੀਵਨ ਗੁਜ਼ਾਰਨ ਤੋਂ ਮਨੁੱਖ ਪ੍ਰਹੇਜ਼ ਕਰੇ ਤਾਂ ਹੀ ਆਵਣ ਜਾਣ ਦੇ ਚੱਕਰ ਤੋਂ ਛੁਟਕਾਰਾ ਹੋ ਸਕੇਗਾ। ਅਗਲੇ ਸ਼ਬਦ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮਾਰੂ ਮਹਲਾ ਵਿੱਚ ਫਰਮਾਉਂਦੇ ਹਨ :

> ਮਾਰੂ ਮਹਲਾ ੧ ॥ ਸੂਰ ਸਰੁ ਸੋਸਿ ਲੈ ਸੋਮ ਸਰੁ ਪੋਖਿ ਲੈ ਜੁਗਤਿ ਕਰਿ ਮਰਤੁ ਸੁ ਸਨਬੰਧੁ ਕੀਜੈ ॥ ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ ॥੧॥ ਮੂੜੇ ਕਾਇਚੇ ਭਰਮਿ ਭੁਲਾ ॥ ਨਹ ਚੀਨਿਆ ਪਰਮਾਨੰਦੁ ਬੈਰਾਗੀ ॥੧॥ ਰਹਾਉ ॥ ਅਜਰ ਗਹੁ ਜਾਰਿ ਲੈ ਅਮਰ ਗਹੁ ਮਾਰਿ ਲੈ ਭ੍ਰਾਤਿ ਤਜਿ ਛੋਡਿ ਤਉ ਅਪਿਉ ਪੀਜੈ ॥ ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ ॥੨॥ (ਅੰਗ-੯੯੨)

ਸ਼ਬਦ ਦੀ ਸ਼ਬਦਾਵਲੀ ਜ਼ਰਾ ਔਖੀ ਹੈ, ਪਹਿਲਾਂ ਪਦ ਅਰਥ ਸਮਝ ਲਈਏ :-

ਪਦ ਅਰਥ : ਸੂਰ-ਸੂਰਜ; ਸਰੁ-ਤਾਲਾਬ; ਸੋਸਿ-ਸੁਕਾਉਣਾ; ਸੋਮ-ਚੰਦ੍ਰਮਾ; ਪੋਖਿ-ਭਰ ਲੈ; ਜੁਗਤਿ-ਤ੍ਰੀਕਾ, ਸਨਬੰਧੁ-ਮੇਲ; ਮੀਨ ਕੀ ਚਪਲ-ਮੱਛੀ ਦੀ ਚੰਚਲਤਾ; ਚੀਨਿਆ-ਪਛਾਣਿਆ; ਪਰਮਾਨੰਦੁ-ਉੱਚੇ ਅਨੰਦ ਵਾਲਾ ਪਰਮਾਤਮਾ; ਬੈਰਾਗੀ-ਮਾਇਆ ਵਲੋਂ ਉਪਰਾਮ।

ਅਰਥ : ਸੂਰ ਭਾਵ ਸੂਰਜ ਮੁਖੀ ਸਾਹ ਲੈਣ ਵਾਲੀ ਸੱਜੀ ਨਾਸ ਰਾਹੀਂ ਸਾਹ ਨੂੰ ਅੰਦਰ ਮਸ਼ਤਕ ਵਿੱਚ ਬੰਨ੍ਹ ਲਿਆ ਜਾਵੇ ਅਤੇ ਖੱਬੀ ਨਾਸ ਜੋ ਕਿ ਚੰਦਰ ਮੁਖੀ ਹੈ, ਰਾਹੀਂ ਸਾਹ ਬਾਹਰ ਕੱਢਿਆ ਜਾਵੇ ਅਤੇ ਅੰਦਰ ਵਿੱਚ ਸਥਿਰ ਕੀਤਾ ਜਾਵੇ। ਦੋਵੇਂ ਸੁਰਾਂ ਮਿਲਾ ਕੇ ਸ਼ਬਦ ਨੂੰ ਦਸਮ ਦੁਆਰਾ ਤਕ ਟਿਕਾਓ ਵਿੱਚ ਲਿਆਂਦਾ ਜਾਵੇ। ਇਹ ਸਵਾਸ ਦੀ ਕ੍ਰਿਆ ਕੁਦਰਤੀ ਹੈ ਸੁਭਾਵਕ ਹੀ ਚਲਦੀ ਹੈ। ਜ਼ਰਾ ਇਕ ਮਨ, ਇਕ ਚਿੱਤ ਹੋ ਕੇ ਸ਼ਬਦ ਵਿੱਚ ਇਕਾਗਰ ਹੋਣ ਦੀ ਲੋੜ ਹੈ। ਇਸ ਜੁਗਤ ਨਾਲ ਸਵਾਸ ਨੂੰ ਸ਼ਬਦ ਵਿੱਚ ਜੋੜ ਕੇ ਸੁਖਮਨਾ ਨਾੜੀ ਰਾਹੀਂ ਦਸਮ ਦੁਆਰ ਵਿੱਚ ਟਿਕਾਇਆ ਜਾਵੇ। ਮਛਲੀ ਵਰਗੇ ਚੰਚਲ ਮਤ ਨੂੰ ਕਾਬੂ ਕੀਤਾ ਜਾਵੇ। ਆਸਾ ਤ੍ਰਿਸ਼ਨਾ, ਸੰਕਲਪ ਵਿਕਲਪ ਤੋਂ ਮੁਕਤ ਹੋਇਆ ਜਾਵੇ, ਤਾਂ ਜੀਵ-ਆਤਮਾ ਜੀਵਤ ਹੋ ਜਾਵੇਗੀ ਅਤੇ ਸਰੀਰ ਨਰੋਆ ਰਹੇਗਾ। ਐ ਮੂਰਖ ਮਨੁੱਖ ! ਤੂੰ, ਕਿਹੜੇ ਭਰਮਾਂ ਵਿੱਚ ਪਿਆ ਹੋਇਆ ਹੈ। ਪਰਮ ਅਨੰਦ ਬੈਰਾਗੀ, ਅਕਾਲ ਪੁਰਖ ਦਾ ਤੂੰ ਸਿਮਰਨ ਕਿਉਂ ਨਹੀਂ ਕਰਦਾ, ਉਸ ਨਾਲ ਇਕਾਗਰਤਾ ਪੈਦਾ ਕਿਉਂ ਨਹੀਂ ਕਰਦਾ? ਇਕਾਗਰ ਚਿੱਤ ਹੋ ਕੇ ਨਾਮ ਦੇ ਰਸ (ਅੰਮ੍ਰਿਤ) ਨੂੰ ਪੀਵਣ

ਵਾਲਾ ਬਣ ਸਕੇਗਾ। ਇਸ ਸ਼ਬਦ ਵਿੱਚ ਮੱਛੀ ਦੇ ਚਪਲ ਮਨ ਦੀ ਉਦਾਹਰਣ ਨੂੰ ਲੈ ਕੇ ਵਾਰ -ਵਾਰ ਆਖਿਆ ਗਿਆ ਹੈ :-

ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ ॥੩॥

ਮਛਲੀ ਦੇ ਜਾਲ ਵਿੱਚ ਫਸਣ ਵਾਂਗ, ਮਨੁੱਖ ਦੇ ਸਿਰ ਉੱਤੇ ਵੀ ਕਾਲ ਦਾ ਜਾਲ ਹਰ ਸਮੇਂ ਤਣਿਆ ਰਹਿੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ :-

ਸਿਰੀਰਾਗੁ ਮਹਲਾ ੧ ॥ ਮਛੁਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ ॥ ਅਤਿ ਸਿਆਣੀ ਸੋਹਣੀ ਕਿਉ ਕੀਤੋ ਵੇਸਾਹੁ ॥ ਕੀਤੇ ਕਾਰਣਿ ਪਾਕੜੀ ਕਾਲੁ ਨ ਟਲੈ ਸਿਰਾਹੁ ॥੧॥ ਭਾਈ ਰੇ ਇਉ ਸਿਰਿ ਜਾਣਹੁ ਕਾਲੁ ॥ ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ ॥੧॥ ਰਹਾਉ ॥ ਸਭੁ ਜਗੁ ਬਾਧੋ ਕਾਲ ਕੋ ਬਿਨੁ ਗੁਰ ਕਾਲੁ ਅਫਾਰੁ ॥ ਸਚਿ ਰਤੇ ਸੇ ਉਬਰੇ ਦੁਬਿਧਾ ਛੋਡਿ ਵਿਕਾਰ ॥ ਹਉ ਤਿਨ ਕੈ ਬਲਿਹਾਰਣੈ ਦਰਿ ਸਚੈ ਸਚਿਆਰ ॥੨॥ (ਅੰਗ-੫੫)

ਮਛਲੀ ਨੂੰ ਤਾਂ ਜਾਲ ਉਸਦੀ ਮੌਤ ਲਈ ਤਾਣਿਆ ਜਾਂਦਾ ਹੈ, ਉਸ ਦੀ ਮੱਛੀ ਨੂੰ ਸਾਰ ਨਾ ਪਈ ਅਤੇ ਨਾ ਹੀ ਜਿੱਥੇ ਉਹ ਰਹਿੰਦੀ ਹੈ, ਉਸ ਅਸਥਾਨ ਬਾਬਤ ਭਾਵ ਸਮੁੰਦਰ ਦੀ ਡੂੰਘਾਈ ਦਾ ਪਤਾ ਚੱਲਿਆ ਹੈ, ਭਾਵ ਮਨੁੱਖੀ ਜੀਵ ਦੇ ਆਲੇ ਦੁਆਲੇ ਜੋ ਮਾਇਆ ਦਾ ਜਾਲ ਫੈਲਿਆ ਹੋਇਆ ਹੈ, ਮਨੁੱਖ ਉਸ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕਰਦਾ, ਅਪਣੇ ਜੀਵਨ ਦੇ ਰਹੱਸ ਨੂੰ ਜਾਨਣ ਦੀ ਕੋਸ਼ਿਸ਼ ਨਹੀਂ ਕਰਦਾ ਕਿ ਆਖਰ ਨੂੰ ਉਸ ਦੇ ਜੀਵਨ ਦਾ ਮਨੋਰਥ ਕੀ ਹੈ ? ਜੀਵਨ ਮਨੋਰਥ ਨੂੰ ਪਾਉਣ ਲਈ ਮਾਇਆ ਦੇ ਜਾਲ ਤੋਂ ਕਿਵੇਂ ਬਚਿਆ ਜਾ ਸਕਦਾ ਹੈ ? ਮਛਲੀ ਸਿਆਣੀ ਵੀ ਹੈ, ਸੁਹਣੀ ਵੀ ਹੈ ਪਰ ਫੇਰ ਵੀ ਜਾਲ ਵਿੱਚ ਫਸ ਜਾਂਦੀ ਹੈ, ਜਾਲ ਦਾ ਵਿਸਾਹ ਕਰ ਲੈਂਦੀ ਹੈ, ਭਾਵ ਜੀਵ ਸਿਆਣਾ ਤੇ ਵਿਚਾਰਵਾਨ ਹੁੰਦੇ ਹੋਏ ਵੀ ਮਾਇਆ ਦੇ ਚੱਕਰ ਵਿੱਚ ਫਸਿਆ ਰਹਿੰਦਾ ਹੈ। ਉਹ ਜਾਣਦਾ ਹੋਇਆ ਵੀ ਕਿ ਮੈਂ ਕਾਲ ਦੇ ਚੱਕਰ ਤੋਂ ਬਚ ਨਹੀਂ ਸਕਦਾ, ਇਸ ਵਿਚੋਂ ਛੁੱਟਣ ਦੇ ਕਾਰਜ ਨਹੀਂ ਕਰਦਾ ਬਲਕਿ ਅਪਣੇ ਆਪ ਨੂੰ ਮੱਛੀ ਵਾਂਗ ਫਸਾਈ ਰੱਖਦਾ ਹੈ। ਕਾਲ ਤਾਂ ਸਿਰੋਂ ਲਹਿੰਦਾ ਨਹੀਂ, ਉਸ ਨੇ ਤਾਂ ਆਉਣਾ ਹੀ ਆਉਣਾ ਹੈ, ਪਰ ਮਨੁੱਖ ਨੂੰ ਇਸ ਦਾ ਚੇਤਾ ਨਹੀਂ ਰਹਿੰਦਾ। ਸ੍ਰੀ ਗੁਰੂ ਨਾਨਕ ਸਾਹਿਬ ਆਖਦੇ ਹਨ ਕਿ ਹੇ ਭਾਈ ! ਹੇ ਮਨੁੱਖੀ ਜੀਵਾਤਮਾ ! ਤੂੰ ਉਸ ਮਛਲੀ ਵਾਂਗ ਹੀ ਹੈਂ, ਜਿਸ ਦੇ ਸਿਰ ਉੱਤੇ ਅਚਾਨਕ ਹੀ ਮੌਤ ਦਾ ਜਾਲ ਆ ਪੈਂਦਾ ਹੈ।

ਸੱਚੀ ਗੱਲ ਹੈ ਕਿ ਸਾਰਾ ਸੰਸਾਰ ਕਾਲ ਦੇ ਚੱਕਰ ਵਿੱਚ ਜਕੜਿਆ ਹੋਇਆ ਹੈ।

ਕਾਲ ਤੋਂ ਕੋਈ ਛੁੱਟ ਨਹੀਂ ਸਕਦਾ। ਇਸ ਤੋਂ ਤਾਂ ਉਹੋ ਹੀ ਗੁਰਮੁਖ ਪਿਆਰੇ ਛੁੱਟ ਸਕਦੇ ਹਨ, ਜੋ ਗੁਰੂ ਦੇ ਚਰਨਾਂ ਨਾਲ ਜੁੜੇ ਹਨ, ਜਿਨ੍ਹਾਂ ਨੇ ਗੁਰੂ ਦੇ ਚਰਨਾਂ ਦੀ ਸ਼ਰਨ ਲਈ ਹੈ, ਵਾਹਿਗੁਰੂ ਜੀ ਨਾਲ ਸਾਂਝ ਪਾਈ ਹੈ, ਅਜਿਹੇ ਗੁਰਮੁਖਾਂ ਤੇ ਸਾਨੂੰ ਕੁਰਬਾਨ ਜਾਣਾ ਚਾਹੀਦਾ ਹੈ ਜੋ ਵਾਹਿਗੁਰੂ ਦੇ ਦਰਬਾਰ ਵਿੱਚ ਸੱਚੇ ਹੋ ਕੇ ਪਹੁੰਚਦੇ ਹਨ। ਸੰਸਾਰ ਦੇ ਮੋਹ ਮਾਇਆ ਤੋਂ ਛੁੱਟ ਕੇ ਸਤਿਗੁਰੂ ਨਾਨਕ ਦੇਵ ਜੀ ਸਾਨੂੰ ਸਮਝਾਉਂਦੇ ਹਨ ਕਿ ਭਾਈ ਇਸ ਜੰਜਾਲ ਵਿੱਚ ਫਸਣ ਦੀ ਥਾਂ ਸੱਚੇ ਵਾਹਿਗੁਰੂ ਜੀ ਦੀ ਬੰਦਗੀ ਵਿੱਚ ਲੱਗ ਜਾਉ।

ਜੀਵਾਤਮਾ ਨੂੰ ਸਤਿਗੁਰੂ ਜੀ ਪਰਦੇਸੀ ਆਖਦੇ ਹਨ, ਕਿਉਂਜੁ ਇਹ ਮਾਤ ਲੋਕ ਜੀਵ ਦਾ ਪੱਕਾ ਟਿਕਾਣਾ ਨਹੀਂ ਹੈ, ਕਾਲ ਦੇ ਵੱਸ ਵਿੱਚ ਹੈ, ਇਕ ਨਾ ਇਕ ਦਿਨ ਕਾਲ ਨੇ ਇਸ ਨੂੰ ਗ੍ਰਸ ਲੈਣਾ ਹੈ। ਸੋ ਮਹਾਰਾਜ ਜੀ ਮਾਇਆ ਦੇ ਜੰਜਾਲ ਤੋਂ ਦੂਰ ਰਹਿਣ ਦੀ ਤਾਕੀਦ ਕਰ ਰਹੇ ਹਨ। ਜਮਾਂ ਦੇ ਜਾਲ ਤੋਂ, ਕਾਲ ਦੇ ਚੱਕਰ ਵਿਚੋਂ ਛੁੱਟਣ ਦਾ ਇਕੋ ਇੱਕ ਵਸੀਲਾ ਹੈ ਕਿ ਸੱਚੇ ਪਰਮ ਪਿਤਾ ਪ੍ਰਮਾਤਮਾ ਨੂੰ ਮਨ ਵਿੱਚ ਵਸਾਇਆ ਜਾਵੇ। ਜਦੋਂ ਸ਼ਿਕਾਰੀ ਦੇ ਜਾਲ ਵਿੱਚ ਮਛਲੀ ਫਸ ਜਾਂਦੀ ਹੈ ਤਾਂ ਪਾਣੀ ਤੋਂ ਵਿਛੜ ਕੇ ਰੋਂਦੀ ਹੈ। ਮਨੁੱਖੀ ਜੀਵ ਵੀ ਅੰਤ ਨੂੰ ਪਛਤਾਉਂਦਾ ਹੈ ਕਿ ਮੈਂ ਸੰਸਾਰ ਦੇ ਮੋਹ ਮਾਇਆ ਦੀ ਮਿਠਾਸ ਵਿੱਚ ਐਵੇਂ ਭੁੱਲਿਆ ਭਟਕਿਆ ਰਿਹਾ। ਸੋ ਭਾਈ ! ਸੰਸਾਰ ਦੇ ਭਰਮ ਭੁਲੇਖੇ ਛੱਡ ਕੇ ਪ੍ਰਮਾਤਮਾ ਦੀ ਭਗਤੀ ਵਿੱਚ ਅਪਣਾ ਚਿੱਤ ਲਾ। ਮੁੜ ਕੇ ਫੇਰ ਗੁਰੂ ਸਾਹਿਬ ਜ਼ੋਰ ਦੇ ਕੇ ਆਖਦੇ ਹਨ,ਕਿ ਹੇ ਪਰਦੇਸੀ ਜੀਵ ਅਪਣੇ ਮਾਲਿਕ ਵਾਹਿਗੁਰੂ ਜੀ ਦੀ ਅਰਾਧਨਾ ਕਰ। ਅਪਣੇ ਮਨ ਅੰਦਰ ਅਸਲੀ ਜਲ, ਵਾਹਿਗੁਰੂ ਜੀ ਦੇ ਦਰਸ਼ਨ ਦੀ ਪਿਆਸ ਪੈਦਾ ਕਰੋ :-

> ਗਉੜੀ ਕਬੀਰ ਜੀ ॥ ਮਾਧਉ ਜਲ ਕੀ ਪਿਆਸ ਨ ਜਾਇ ॥ ਜਲ ਮਹਿ ਅਗਨਿ ਉਠੀ ਅਧਿਕਾਇ ॥੧॥ ਰਹਾਉ ॥ ਤੂੰ ਜਲਨਿਧਿ ਹਉ ਜਲ ਕਾ ਮੀਨੁ ॥ ਜਲ ਮਹਿ ਰਹਉ ਜਲਹਿ ਬਿਨੁ ਖੀਨੁ ॥੧॥ ਤੂੰ ਪਿੰਜਰੁ ਹਉ ਸੂਅਟਾ ਤੋਰ ॥ ਜਮੁ ਮੰਜਾਰੁ ਕਹਾ ਕਰੈ ਮੋਰ ॥੨॥ ਤੂੰ ਤਰਵਰੁ ਹਉ ਪੰਖੀ ਆਹਿ ॥ ਮੰਦਭਾਗੀ ਤੇਰੋ ਦਰਸਨੁ ਨਾਹਿ ॥੩॥ ਤੂੰ ਸਤਿਗੁਰੁ ਹਉ ਨਉਤਨੁ ਚੇਲਾ ॥ ਕਹਿ ਕਬੀਰ ਮਿਲੁ ਅੰਤ ਕੀ ਬੇਲਾ ॥੪॥੨॥ (ਅੰਗ-੩੨੩-੨੪)

ਕਬੀਰ ਜੀ ਦੇ ਅੰਦਰ ਵਾਹਿਗੁਰੂ ਦੇ ਪਾਉਣ ਦੀ ਬੜੀ ਤੜਪ ਹੈ, ਉਨ੍ਹਾਂ ਦੀ ਵਾਹਿਗੁਰੂ ਦੇ ਹਰੀ ਜਲ ਪ੍ਰਾਪਤੀ ਦੀ ਪਿਆਸ ਨਹੀਂ ਬੁੱਝਦੀ। 'ਹਰੀ ਜਲ ਕੀ ਪਿਆਸ' ਤੋਂ ਭਾਵ ਵਾਹਿਗੁਰੂ ਜੀ ਦੇ ਦਰਸ਼ਨ। ਜਲ (ਦਰਸ਼ਨ) ਜੇਕਰ ਥੋੜੇ ਬਹੁਤੇ ਹੋ ਵੀ ਜਾਣ, ਪਿਆਸ ਹੋਰ ਭੜਕਦੀ ਹੈ। ਪਿਆਸ ਬੁੱਝਦੀ ਹੀ ਨਹੀਂ ਕਿਉਂਕਿ ਦਰਸ਼ਨ ਥੋੜ-ਚਿਰੇ ਹਨ, ਜਦੋਂ ਤਕ ਜੀਵਾਤਮਾ ਇਸ ਜਲ ਵਿੱਚ ਸਮਾ ਨਹੀਂ ਜਾਂਦੀ, ਉਦੋਂ ਤਕ ਜਲ ਦੀ

ਪਿਆਸ ਨਿੱਤ ਵੱਧਦੀ ਹੀ ਜਾਵੇਗੀ ਅਤੇ ਵਿਛੋੜੇ ਦੇ ਦਰਦ ਦੀ ਅਗਨੀ ਭੜਕਦੀ ਰਹੇਗੀ।

ਕਬੀਰ ਸਾਹਿਬ ਇਸ ਜਲ ਨੂੰ ਪ੍ਰਾਪਤ ਕਰਨ ਲਈ ਅਰਜ਼ੋਈ ਕਰਦੇ ਹਨ ਕਿ ਹੇ ਵਾਹਿਗੁਰੂ ਜੀ ਤੁਸੀਂ ਜਲ ਦੇ ਖਜ਼ਾਨੇ, ਵੱਡੇ ਸਾਗਰ ਹੋ ਅਤੇ ਮੈ ਪਾਣੀ ਦੀ ਮੱਛੀ ਹਾਂ। ਪਾਣੀ ਵਿੱਚ ਰਹਿੰਦੀ ਹਾਂ ਜਲ ਤੋਂ ਬਿਨਾਂ ਨਾਸ਼ ਹੋ ਜਾਂਦੀ ਹਾਂ।

ਪ੍ਰਭੂ ਤੂੰ ਇੱਕ ਬ੍ਰਿਛ ਦੀ ਨਿਆਈਂ ਹੈ ਅਤੇ ਮੈਂ ਉਸ ਉੱਤੇ ਰਹਿਣ ਵਾਲਾ ਪੰਛੀ ਹਾਂ। ਪਰ ਮੇਰੇ ਮੰਦੇ ਭਾਗਾਂ ਨੂੰ ਤੇਰੇ ਦਰਸ਼ਨ ਨਹੀਂ ਹੋ ਰਹੇ।

ਐ ਪ੍ਰਮਾਤਮਾ ਤੂੰ ਸਤਿਗੁਰੂ ਹੈ ਅਤੇ ਮੈਂ ਤੇਰਾ ਨਵਾਂ ਨਵਾਂ ਸਿੱਖ ਹਾਂ। ਮੈ ਉਮਰ ਦੇ ਅੰਤ ਦੇ ਵੇਲੇ ਤੇ ਪਹੁੰਚਿਆ ਹਾਂ, ਕ੍ਰਿਪਾ ਕਰਕੇ ਹੁਣ ਤਾਂ ਦਰਸ਼ਨ ਬਖਸ਼ੋ। ਕ੍ਰਿਪਾ ਦਾ ਜਲ ਜਗਿਆਸੂ ਪ੍ਰਭੂ ਪਾਸੋਂ ਮੰਗਦਾ ਹੈ:-

ਸੋਰਠਿ ਮਹਲਾ ੪ ॥ ਹਰਿ ਸਿਉ ਪ੍ਰੀਤਿ ਅੰਤਰੁ ਮਨੁ ਬੇਧਿਆ ਹਰਿ ਬਿਨੁ ਰਹਣੁ ਨ ਜਾਈ ॥ ਜਿਉ ਮਛੁਲੀ ਬਿਨੁ ਨੀਰੈ ਬਿਨਸੈ ਤਿਉ ਨਾਮੈ ਬਿਨੁ ਮਰਿ ਜਾਈ ॥੧॥ ਮੇਰੇ ਪ੍ਰਭ ਕਿਰਪਾ ਜਲੁ ਦੇਵਹੁ ਹਰਿ ਨਾਈ ॥ ਹਉ ਅੰਤਰਿ ਨਾਮੁ ਮੰਗਾ ਦਿਨੁ ਰਾਤੀ ਨਾਮੇ ਹੀ ਸਾਂਤਿ ਪਾਈ ॥ ਰਹਾਉ ॥ ਜਿਉ ਚਾਤ੍ਰਿਕੁ ਜਲ ਬਿਨੁ ਬਿਲਲਾਵੈ ਬਿਨੁ ਜਲ ਪਿਆਸ ਨ ਜਾਈ ॥ ਗੁਰਮੁਖਿ ਜਲੁ ਪਾਵੈ ਸੁਖ ਸਹਜੇ ਹਰਿਆ ਭਾਇ ਸੁਭਾਈ ॥੨॥ ਮਨਮੁਖ ਭੂਖੇ ਦਹ ਦਿਸ ਡੋਲਹਿ ਬਿਨੁ ਨਾਵੈ ਦੁਖੁ ਪਾਈ ॥ ਜਨਮਿ ਮਰੈ ਫਿਰਿ ਜੋਨੀ ਆਵੈ ਦਰਗਹਿ ਮਿਲੈ ਸਜਾਈ ॥੩॥ ਕ੍ਰਿਪਾ ਕਰਹਿ ਤਾ ਹਰਿ ਗੁਣ ਗਾਵਹ ਹਰਿ ਰਸੁ ਅੰਤਰਿ ਪਾਈ ॥ ਨਾਨਕ ਦੀਨ ਦਇਆਲ ਭਏ ਹੈ ਤ੍ਰਿਸਨਾ ਸਬਦਿ ਬੁਝਾਈ ॥੪॥੮॥

(ਅੰਗ-੬੦੭)

ਰੱਬ ਨੂੰ ਮਿਲਣ ਵਾਲਿਆਂ ਦੇ ਅੰਦਰ, ਮੱਛੀ ਵਰਗੀ ਤੜਪ ਹੈ। ਉਨ੍ਹਾਂ ਦਾ ਮਨ ਅੰਤਰ-ਆਤਮੇ ਹਰੀ ਦੇ ਪ੍ਰੇਮ ਵਿੱਚ ਵਿਨ੍ਹਿਆ ਗਿਆ ਹੁੰਦਾ ਹੈ। ਹਰੀ ਤੋਂ ਬਿਨਾਂ ਉਹ ਜੀਅ ਨਹੀਂ ਸਕਦੇ, ਹਰੀ ਦਾ ਨਾਮ ਵਿਸਰ ਜਾਏ, ਉਹ ਅਪਣੇ ਆਪ ਨੂੰ ਮੁਰਦੇ ਸਮਾਨ ਸਮਝਦਾ ਹੈ। ਜਿਸ ਤਰ੍ਹਾਂ ਪਾਣੀ ਤੋਂ ਬਿਨਾਂ ਮੱਛੀ ਮਰ ਜਾਂਦੀ ਹੈ। ਇਹ ਹਾਲਤ ਪ੍ਰਭੂ ਪਿਆਰਿਆਂ ਤੇ ਪ੍ਰਮਾਤਮਾ ਦਾ ਨਾਮ ਵਿਸਰਨ ਕਰਕੇ ਵਾਪਰਦੀ ਹੈ। ਜਗਿਆਸੂ ਪ੍ਰਭੂ ਅੱਗੇ ਅਰਦਾਸ ਕਰਦੇ ਰਹਿੰਦੇ ਹਨ ਕਿ ਹੇ ਮੇਰੇ ਪ੍ਰੀਤਮ-ਪ੍ਰਭੂ ਮੇਰੇ ਤੇ ਕ੍ਰਿਪਾ ਕਰੋ ਅਤੇ ਕ੍ਰਿਪਾ-ਜਲ (ਹਰੀ ਨਾਮੁ) ਮੈਨੂੰ ਬਖਸ਼ੋ ਜੀ। ਮੈਂ ਤਾਂ ਦਿਨ ਰਾਤ ਤੇਰਾ ਹੀ ਨਾਮ ਮੰਗਦਾ

ਹਾਂ, ਨਾਮ ਨਾਲ ਮੇਰੇ ਮਨ ਅਤੇ ਤਨ ਨੂੰ ਸ਼ਾਂਤੀ ਮਿਲਦੀ ਹੈ। ਜਿਵੇਂ ਬਬੀਹੇ ਨੂੰ ਵੀ ਸਵਾਂਤੀ ਬੂੰਦ ਨਾਲ ਹੀ ਸ਼ਾਂਤੀ ਮਿਲਦੀ ਹੈ, ਬੂੰਦ ਤੋਂ ਬਿਨਾਂ ਉਸ ਦੀ ਪਿਆਸ ਨਹੀਂ ਬੁੱਝਦੀ। ਗੁਰਮੁਖ ਜਨ ਵੀ ਹਰੀ ਦੇ ਨਾਮ ਦਾ ਜਲ ਪਾ ਕੇ ਹਰੇ ਭਰੇ ਰਹਿੰਦੇ ਹਨ। ਸੰਸਾਰ ਵਿੱਚ ਜੋ ਮਨਮੁਖ, ਮਨ ਦੇ ਪਿੱਛੇ ਲੱਗਣ ਵਾਲੇ ਬੰਦੇ ਹਨ, ਗੁਰੂ ਦੀ ਸ਼ਰਨ ਵਿੱਚ ਨਹੀਂ ਆਉਂਦੇ, ਉਹ ਸਦਾ ਹੀ ਦੁੱਖੀ ਹੋ ਕੇ ਦਸਾਂ ਦਿਸ਼ਾ ਵਿੱਚ ਘੁੰਮਦੇ ਰਹਿੰਦੇ ਹਨ। ਆਵਾਗਵਨ ਵਿੱਚ ਪਏ ਰਹਿੰਦੇ ਹਨ, ਉਨ੍ਹਾਂ ਦਾ ਜਨਮ-ਮਰਨ ਦਾ ਗੇੜ ਨਹੀਂ ਮੁੱਕਦਾ। ਪ੍ਰਭੂ ਦੀ ਕ੍ਰਿਪਾ ਹੋ ਜਾਵੇ ਤਾਂ ਜੀਵ ਵਾਹਿਗੁਰੂ ਜੀ ਦੇ ਗੁਣ ਗਾਉਂਦਾ ਹੈ ਅਤੇ ਹਰੀ ਦੇ ਨਾਮ ਦਾ ਰਸ ਉਸ ਨੂੰ ਪ੍ਰਾਪਤ ਹੋ ਜਾਂਦਾ ਹੈ। ਵਾਹਿਗੁਰੂ ਅਪਣੇ ਸੇਵਕ ਉੱਤੇ ਕ੍ਰਿਪਾਲੂ ਹੋ ਜਾਂਦੇ ਹਨ, ਤਾਂ ਉਸ ਦੀਆਂ ਸਾਰੀਆਂ ਤ੍ਰਿਸ਼ਨਾਵਾਂ ਮੁਕ ਜਾਂਦੀਆਂ ਹਨ, ਸਹਜ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ, ਦੁੱਖਾਂ ਕਲੇਸਾਂ ਦਾ ਨਾਸ਼ ਹੋ ਜਾਂਦਾ ਹੈ। ਉਸ ਦਾ ਆਵਾਗਵਨ ਮਿਟ ਜਾਂਦਾ ਹੈ ਅਤੇ ਸਦਾ ਸਦਾ ਲਈ ਪ੍ਰਮੇਸ਼ਰ ਦੇ ਦਰਬਾਰ ਵਿੱਚ ਟਿਕਾਣਾ ਪ੍ਰਾਪਤ ਕਰ ਲੈਂਦਾ ਹੈ।

ਆਪਾਂ ਸਾਰੇ ਅਪਣੇ ਜੀਵਨ ਤੇ ਝਾਤੀ ਮਾਰ ਕੇ ਵੇਖੀਏ ਕਿ, ਮੱਛੀ ਵਾਲੀ ਤੜਪ ਕੀ ਸਾਡੇ ਜੀਵਨ ਵਿੱਚ ਪ੍ਰਭੂ ਦੇ ਮਿਲਣ ਲਈ ਪੈਦਾ ਹੋਈ ਹੈ ਕਿ ਨਹੀਂ ? ਇਸ ਮਨੁੱਖਾ ਜਨਮ ਵਿੱਚ ਅਸੀਂ "ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ" ਦੇ ਮੰਤਵ ਦੀ ਪ੍ਰਾਪਤੀ ਲਈ ਕਿੰਨਾਂ ਕੁ ਉਪਰਾਲਾ ਕਰ ਰਹੇ ਹਾਂ। ਸੋਚੀਏ, ਵੀਚਾਰੀਏ, ਕਿਤੇ ਹੀਰੇ ਵਰਗੇ ਇਸ ਜਨਮ ਨੂੰ ਅਜਾਈਂ ਗੁਆ ਕੇ ਨਾ ਤੁਰਦੇ ਹੋਈਏ !

-o-o-o-


ਸੰਸਥਾ 'ਗੁਰਬਾਣੀ ਇਸੁ ਜਗ ਮਹਿ ਚਾਨਣੁ'

ਭਵਨ ਨੰ.6, ਫੇਜ 3-ਏ, ਐਸ.ਏ.ਐਸ.ਨਗਰ (ਮੋਹਾਲੀ) ਵਿਖੇ,

**ਮਹੀਨਾ ਵਾਰੀ ਗੁਰਮਤਿ ਸਮਾਗਮ**

**ਦੂਜਾ ਸਨੀਵਾਰ 09 ਮਾਰਚ 2024 ਨੂੰ**

10.00 ਤੋਂ 01.00 ਵਜੇ ਦੁਪਹਿਰ ਤਕ

ਸ਼ਬਦ-ਕੀਰਤਨ ਅਤੇ ਸ਼ਬਦ-ਵੀਚਾਰ ਹੋਵੇਗੀ।

ਸਤਿਸੰਗ ਵਿੱਚ ਦਰਸ਼ਨ ਦੇ ਕੇ ਲਾਭ ਉਠਾਓ ਜੀ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ।

# ਵੱਡੇ ਘਲੂਘਾਰੇ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਕਿਵੇਂ ਸੰਭਾਲੀ

-ਡਾ.ਗੁਰਬਚਨ ਸਿੰਘ, ਮੋ 98781-49511

ਮਹਾਨ ਕੋਸ਼ ਅਨੁਸਾਰ 'ਘਲੂਘਾਰਾ" ਸ਼ਬਦ ਦਾ ਅਰਥ ਹੈ ਤਬਾਹੀ, ਗਾਰਤੀ, ਸਰਬਨਾਸ। ਅਰਬੀ ਭਾਸ਼ਾ ਦੇ ਸ਼ਬਦ ਗਾਰਤ ਤੋਂ ਭਾਵ ਹੈ ਬਰਬਾਦੀ, ਤਬਾਹੀ, ਲੁੱਟਣ ਦੀ ਕ੍ਰਿਆ। ਅੰਗ੍ਰੇਜੀ ਭਾਸ਼ਾ ਵਿੱਚ ਘੱਲੂਘਾਰੇ ਲਈ Holocaust ਸ਼ਬਦ ਮਿਲਦਾ ਹੈ। ਇਹ ਦੋ ਸ਼ਬਦ ਦਾ ਮੇਲ ਹੈ Holo+Caust. Holo ਦਾ ਅਰਥ ਹੈ Whole, Complete, Entire ਅਤੇ Caust ਤੋਂ ਭਾਵ ਹੈ Destruction by fire. ਇਸ ਤਰ੍ਹਾਂ Holocaust ਤੋਂ ਭਾਵ ਹੈ ਅੱਗ ਦੁਆਰਾ ਸੰਪੂਰਨ ਤਬਾਹੀ ਕਰ ਦੇਣਾ। ਅਸਲ ਵਿੱਚ ਇਹ ਸ਼ਬਦ ਯਹੂਦੀਆਂ ਉਪਰ ਹਿਟਲਰ ਦੁਆਰਾ ਕੀਤੇ ਗਏ ਜ਼ੁਲਮਾਂ (ਦੂਜੀ ਸੰਸਾਰ ਜੰਗ) ਲਈ ਵਰਤਿਆ ਗਿਆ ਸੀ। ਇਸੇ ਤਰ੍ਹਾਂ ਲਖਪਤ ਰਾਏ, ਅਬਦਾਲੀ ਤੇ ਆਜ਼ਾਦ ਭਾਰਤ ਦੀ ਕੇਂਦਰੀ ਸਰਕਾਰ ਹਰੇਕ ਤਰ੍ਹਾਂ ਦੇ ਢੰਗ ਵਰਤ ਕੇ ਸਿੱਖਾਂ ਦਾ ਖੁਰਾ ਖੋਜ ਮਿਟਾਉਣਾ ਚਾਹੁੰਦੇ ਸਨ। ਸਿੱਖ ਇਤਿਹਾਸ ਵਿੱਚ ਵਾਪਰੀਆਂ ਤਿੰਨ ਭਿਅੰਕਰ ਘਟਨਾਵਾਂ ਲਈ ਘੱਲੂਘਾਰਾ ਸ਼ਬਦ ਵਰਤਿਆ ਗਿਆ ਹੈ। ਪਹਿਲਾ (ਛੋਟਾ ਘੱਲੂਘਾਰਾ) ਜੂਨ ਸੰਨ ੧੭੪੬, ਦੂਜਾ (ਵੱਡਾ ਘੱਲੂਘਾਰਾ) ਫਰਵਰੀ ਸੰਨ ੧੭੬੨ ਅਤੇ ਤੀਜਾ ਜੂਨ ਸੰਨ ੧੯੮੪ ਵਿੱਚ ਵਾਪਰਿਆ।

ਇਹ ਪੁਰਾਤਨ ਰਵਾਇਤ ਚਲੀ ਆਉਂਦੀ ਹੈ ਕਿ ਜਦੋਂ ਵੀ ਦਲ ਖਾਲਸਾ (ਬੁੱਢਾ ਦਲ ਤਰਨਾ ਦਲ) ਦਾ ਵਹੀਰ ਕਿਧਰੇ ਸਫਰ ਕਰਦਾ ਸੀ ਉਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੁਆਰੀ ਨਾਲ ਹੁੰਦੀ ਸੀ। ਨਿਹੰਗ ਸਿੰਘ ਵੀ ਗੁਰਬਾਣੀ ਦੀ ਇੱਕ ਪੋਥੀ (ਪੰਜ ਗ੍ਰੰਥੀ) ਜਾਂ ਗੁਟਕਾ ਸਾਹਿਬ ਹਰ ਸਮੇਂ ਆਪਣੇ ਕੋਲ ਗਾਤਰੇ ਵਾਂਗ ਪਾਕੇ ਰੱਖਦੇ ਸਨ। ਵੱਡੇ ਘਲੂਘਾਰੇ ਸਮੇਂ (੧੭੬੨ ਈ.) ਗੁਰੂ ਗ੍ਰੰਥ ਸਾਹਿਬ ਦੀ ਸੁਆਰੀ ਇੱਕ ਸੁੰਦਰ ਸਿੰਗਾਰੇ ਹੋਏ ਗੱਡੇ ਤੇ ਸੁਸ਼ੋਭਿਤ ਸੀ। ਇਸ ਦੀ ਸੇਵਾ ਤੇ ਰਖਵਾਲੀ ਮਿਸਲ ਸ਼ਹੀਦਾਂ ਦੇ ਬਾਬਾ ਸੁਧਾ ਸਿੰਘ ਦੇ ਜੱਥੇ ਦੇ ਹਵਾਲੇ ਸੀ।

ਅਹਿਮਦ ਸ਼ਾਹ ਅਬਦਾਲੀ ਨੇ ਸੰਨ ੧੭੪੮ ਤੋਂ ਸੰਨ ੧੭੬੯ ਤੱਕ ਭਾਰਤ ਤੇ ਵਾਰ ਵਾਰ ਹਮਲੇ ਕੀਤੇ। ਸੰਨ ੧੭੬੧ ਵਿੱਚ ਮਰਹੱਟਿਆ ਨੂੰ ਪਾਣੀਪਤ ਦੀ ਤੀਜੀ ਲੜਾਈ ਵਿੱਚ ਹਰਾ ਕੇ ਅਬਦਾਲੀ ਲੁੱਟ ਦੇ ਭਾਰੀ ਸਮਾਨ ਅਤੇ ਕੈਦ ਕੀਤੀਆਂ ਔਰਤਾਂ ਸਮੇਤ ਜਦੋਂ ਵਾਪਸ ਆਪਣੇ ਦੇਸ ਪਰਤ ਰਿਹਾ ਸੀ ਤਦੋਂ ਸਿੱਖਾਂ ਨੇ ਸਤਲੁਜ ਤੋਂ ਜਿਹਲਮ ਦਰਿਆ ਤਕ ਛਾਪੇ ਮਾਰ ਕੇ (ਹਮਲੇ ਕਰਕੇ) ਲੁੱਟ ਦਾ ਸਮਾਨ ਸਮੇਤ ਔਰਤਾਂ ਖੋਹ ਲਿਆ। ਔਰਤਾਂ ਨੂੰ ਉਨ੍ਹਾਂ ਦੇ

ਘਰੋਂ-ਘਰੀਂ ਪਹੁੰਚਾਇਆ। ਇਸ ਕਾਰਨ ਅਬਦਾਲੀ ਸਿੱਖਾਂ ਦਾ ਖੁਰਾ ਖੋਜ ਮਿਟਾਉਣਾ ਚਾਹੁੰਦਾ ਸੀ ਕਿ ਭਾਰਤ ਵਿੱਚ ਸਿੱਖ ਹੀ ਉਸ ਦਾ ਡੱਟ ਕੇ ਵਿਰੋਧ ਕਰਦੇ ਹਨ। ਦੀਵਾਲੀ ੨੭ ਅਕਤੂਬਰ ੧੭੬੧ ਈ. ਸਮੇਂ ਵਿੱਚ ਸ੍ਰੀ ਅੰਮ੍ਰਿਤਸਰ ਵਿਖੇ ਸਰਬੱਤ ਖਾਲਸਾ ਨੇ ਮਤਾ ਪਾਸ ਕੀਤਾ ਕਿ ਅਫਗਾਨਾਂ ਦੇ ਪਿੱਠੂਆਂ, ਗੁਪਤਚਰਾਂ ਤੇ ਮੁਖਬਰਾਂ ਨੂੰ ਸੋਧਿਆ ਜਾਵੇ। ਉਨ੍ਹਾਂ ਨੇ ਸਭ ਤੋਂ ਪਹਿਲਾਂ ਆਕਿਲ ਦਾਸ ਨਿਰੰਜਨੀਏ ਦੇ ਡੇਰੇ ਜੰਡਿਆਲਾ (ਅੰਮ੍ਰਿਤਸਰ) ਨੂੰ ਘੇਰ ਲਿਆ। ਆਕਿਲ ਦਾਸ ਨੇ ਆਪਣੇ ਬੰਦੇ ਭੇਜ ਕੇ ਅਬਦਾਲੀ ਨੂੰ ਖਬਰ ਕਰ ਦਿੱਤੀ, ਜੋ ਕਿ ਉਸ ਸਮੇਂ ਰੋਹਤਾਸ ਪਹੁੰਚਿਆ ਸੀ ਖਬਰ ਮਿਲਦਿਆਂ ਹੀ ਉਸ ਨੇ ਆਪਣੀ ਘੋੜ ਸਵਾਰ ਫੌਜ ਨੂੰ ਜੰਡਿਆਲੇ ਭੇਜ ਦਿੱਤਾ। ਇੱਧਰ ਸਿੰਘ ਜਥੇਦਾਰਾਂ ਨੂੰ ਵੀ ਸੂਹ ਮਿਲ ਚੁੱਕੀ ਸੀ ਕਿ ਅਬਦਾਲੀ ਭਾਰੀ ਫੌਜ ਲੈ ਕੇ ਆ ਰਿਹਾ ਹੈ। ਸਿੰਘਾਂ ਨੇ ਜੰਡਿਆਲੇ ਤੋਂ ਘੇਰਾ ਚੁੱਕ ਕੇ ਆਪਣੇ ਟੱਬਰਾਂ ਸਮੇਤ ਮਾਲਵੇ ਦੇ ਜੰਗਲਾਂ ਵਲ ਪਹੁੰਚਣ ਲਈ ਕੂਚ ਕਰ ਦਿੱਤਾ। ਸਿੰਘਾਂ ਦਾ ਵਹੀਰ ਮਲੇਰਕੋਟਲੇ ਤੋਂ ੧੨ ਕਿ.ਮੀ. ਕੁਪ-ਰਹੀੜਾ ਨਾਂ ਦੇ ਪਿੰਡ ਤੋਂ ਅੱਗੇ ਕੂਚ ਕਰਨ ਦੀ ਤਿਆਰੀ ਕਰ ਰਿਹਾ ਸੀ ਕਿ ੫ ਫਰਵਰੀ ੧੭੬੨ ਨੂੰ ਅਬਦਾਲੀ ਨੇ ਜੱਥੇ ਨੂੰ ਘੇਰਾ ਪਾ ਲਿਆ। ਸਿੰਘਾਂ ਨੂੰ ਅਬਦਾਲੀ ਦੇ ਇੰਨੀ ਜਲਦੀ ਪਹੁੰਚਣ ਦੀ ਉਮੀਦ ਨਹੀ ਸੀ ਪਰ ਉਸ ਨੇ ੧੫੦ ਮੀਲ ਦਾ ਪੈਂਡਾ ੩੬ ਘੰਟਿਆਂ ਵਿੱਚ ਹੀ ਮੁਕਾ ਕੇ ਹਮਲਾ ਕਰ ਦਿੱਤਾ।

ਸਰਹੰਦ ਦੇ ਫੌਜਦਾਰ ਜੈਨ ਖਾਨ ਅਤੇ ਮਲੇਰਕੋਟਲੇ ਦੇ ਨਵਾਬ ਭੀਖਨ ਖਾਨ ਨੇ ਸਿੰਘਾਂ ਦਾ ਅੱਗੋਂ ਰਸਤਾ ਰੋਕ ਲਿਆ। ਖਾਲਸਾ ਦਲ ਦੇ ਪ੍ਰਮੁੱਖ ਜੱਥੇਦਾਰ ਸ.ਜੱਸਾ ਸਿੰਘ ਆਹਲੂਵਾਲੀਆ ਸਨ ਅਤੇ ਹੋਰ ਸਾਰੀਆਂ ਮਿਸਲਾਂ ਦੇ ਜੱਥੇਦਾਰ, ਜੱਸਾ ਸਿੰਘ ਰਾਮਗੜ੍ਹੀਆ, ਸ.ਚੜਤ ਸਿੰਘ, ਬਾਬਾ ਸੁਧਾ ਸਿੰਘ ਆਦਿਕ ਦੁਸ਼ਮਣ ਦਾ ਮੁਕਾਬਲਾ ਕਰਨ ਦੇ ਨਾਲ ਨਾਲ ਆਪਣੇ ਟਬਰਾਂ ਦਾ ਬਚਾਓ ਕਰਦੇ ਹੋਏ ਅੱਗੇ ਵਧ ਰਹੇ ਸਨ।

ਤਿੰਨ ਮਲਵਈ ਸਿੰਘ, ਭਾਈ ਸੰਗੂ ਸਿੰਘ, ਭਾਈ ਸੇਖੂ ਸਿੰਘ ਅਤੇ ਭਾਈ ਬੁੱਢਾ ਸਿੰਘ ਜੋ ਕਿ ਬਾਬਾ ਆਲਾ ਸਿੰਘ ਨੇ ਭੇਜੇ ਸਨ ਵਹੀਰ ਦੀ ਅਗਵਾਈ ਕਰ ਰਹੇ ਸਨ। ਇਨ੍ਹਾਂ ਸਿੰਘਾਂ ਨੂੰ ਇਲਾਕੇ ਦੇ ਪਾਣੀ ਦੀਆਂ ਢਾਬਾਂ ਤੇ ਰਸਤਿਆਂ ਦੀ ਪੂਰੀ ਜਾਣਕਾਰੀ ਸੀ। ਲੋਹੇ ਨਾਲ ਲੋਹਾ ਖੜਕ ਰਿਹਾ ਸੀ ਘਮਸਾਨ ਦੀ ਜੰਗ ਮਚੀ ਹੋਈ ਸੀ। ਸਿੰਘ ਲੜਦੇ ਲੜਦੇ ਪਿੰਡ ਕੁਤਬਾ-ਬਾਹਮਣੀਆਂ ਦੀ ਢਾਬ ਵਲ ਵਧ ਰਹੇ ਸਨ। ਬੱਚੇ ਬੀਬੀਆਂ ਪਾਣੀ ਪੀਣ ਲਈ ਵਿਲਕ ਰਹੇ ਸਨ। ਮਲਵਈ ਸਿੰਘਾਂ ਨੂੰ ਪਤਾ ਸੀ ਕਿ ਇਸ ਢਾਬ ਤੋਂ ਅੱਗੇ ਕਈ ਮੀਲਾਂ ਤੱਕ ਕੋਈ ਢਾਬ ਨਹੀਂ। ਸੋ ਢਾਬ ਤੇ ਪਹੁੰਚ ਕੇ ਸਿੰਘਾਂ ਨੇ ਆਪ ਜਲ ਛਕਿਆ ਤੇ ਘੋੜਿਆਂ ਨੂੰ ਪਿਲਾਇਆ। ਫਿਰ ਖਾਲਸਾ ਦਲ ਅਤੇ ਦੁਰਾਨੀ ਲੜਦੇ ਹੋਏ ਕਾਲਸਾਂ ਪਿੰਡ ਵਿੱਚ ਦੀ ਹੁੰਦੇ ਹੋਏ ਪਿੰਡ ਗਹਿਲ ਪਹੁੰਚੇ। ਪੂਰਾ ਹਨੇਰਾ ਹੋ ਗਿਆ ਸੀ ਪਿੰਡ ਦੇ ਮੁਸਲਮਾਨਾਂ ਨੇ ਬੂਹੇ ਬੰਦ ਕਰ ਲਏ ਸਨ। ਇਨ੍ਹਾਂ ਸਾਰਿਆਂ ਪਿੰਡਾਂ ਵਿੱਚ ਮੁਸਲਮਾਨ ਹੀ ਆਬਾਦ ਸਨ ਜੇ ਕੋਈ ਇਕ ਅੱਧਾ ਘਰ

ਸਿੱਖਾਂ ਦਾ ਹੈ ਵੀ ਸੀ ਉਹ ਪਿੰਡ ਛੱਡ ਚੁੱਕੇ ਸਨ। ਸਿੰਘਾਂ ਨੇ ਬਾਲ ਬੱਚਿਆਂ ਤੇ ਬੀਬੀਆਂ ਦਾ ਸਰਕੜਿਆਂ ਦੇ ਗਹੀਰਿਆਂ ਵਿੱਚ ਲੁਕਾ ਕੇ ਸਰਦੀ ਤੋਂ ਬਚਾਅ ਕੀਤਾ। ਅਗਲੇ ਦਿਨ ਸਿੰਘਾਂ ਨੇ ਹਠੂਰ ਦੀ ਢਾਬ ਤੇ ਪਹੁੰਚ ਕੇ ਕਬਜ਼ਾ ਕੀਤਾ। ਦੁਰਾਨੀਆਂ ਨੇ ਭਾਵੇ ਬਹੁਤ ਸਾਰੇ ਬੱਚੇ, ਬੀਬੀਆਂ ਤੇ ਬਿਰਧਾਂ ਨੂੰ ਮਾਰ ਦਿੱਤਾ ਸੀ ਫਿਰ ਵੀ ਉਨ੍ਹਾਂ ਨੂੰ ਅਹਿਸਾਸ ਹੋ ਗਿਆ ਕਿ ਸਿੱਖਾਂ ਨੂੰ ਖਤਮ ਕਰਨਾ ਉਨ੍ਹਾਂ ਦੇ ਵਸ ਦੀ ਗੱਲ ਨਹੀਂ। ਇਸ ਲਈ ਉਨ੍ਹਾਂ ਨੇ ਸਿੱਖਾਂ ਦਾ ਪਿੱਛਾ ਕਰਨਾ ਛੱਡ ਦਿੱਤਾ। ਇਤਿਹਾਸਕਾਰਾਂ ਨੇ ਇਸ ਘਲੂਘਾਰੇ ਵਿੱਚ ਮਾਰੇ ਗਏ ਸਿੱਖਾਂ ਦੀ ਗਿਣਤੀ ੧੫ ਹਜ਼ਾਰ ਤੋਂ ੪੫ ਹਜ਼ਾਰ ਤਕ ਲਿਖੀ ਹੈ। ਜੱਥੇਦਾਰ ਆਹਲੂਵਾਲੀਆ ਦੇ ਸਰੀਰ ਤੇ ੨੫ ਜ਼ਖਮ ਸਨ। ਹੋਰ ਜੱਥੇਦਾਰ ਅਤੇ ਤਕਰੀਬਨ ਸਾਰੇ ਸਿੰਘ ਫਟੱੜ ਹੋਏ ਸਨ। ਅਬਦਾਲੀ ਦੀਆਂ ਫੌਜਾਂ ਵਾਪਸ ਮੁੜ ਗਈਆਂ ਤੇ ਸਿੰਘਾਂ ਨੇ ਮਾਲਵੇ ਦੇ ਪਿੰਡਾਂ ਵਿੱਚ ਜਾ ਕੇ ਆਪਣੇ ਜ਼ਖਮਾਂ ਦਾ ਇਲਾਜ ਕਰਾਇਆ। ਇਸ ਇਲਾਕੇ ਦੇ ਸਿੱਖਾਂ ਨੇ ਜ਼ਖਮੀ ਸਿੰਘਾਂ ਦੀ ਹਰ ਤਰ੍ਹਾਂ ਨਾਲ ਸੇਵਾ ਕੀਤੀ।

ਜਿਵੇਂ ਕਿ ਪਹਿਲਾਂ ਲਿਖਿਆ ਹੈ ਕਿ ਸਿੰਘਾਂ ਦਾ ਵਹੀਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਸਵਾਰਾ ਨਾਲ ਲੈ ਕੇ ਚਲਦਾ ਸੀ। ਵੱਡੇ ਘਲੂਘਾਰੇ ਵਿੱਚ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦਲ ਦੇ ਨਾਲ ਸਨ। ਜੋ ਇੱਕ ਗੱਡੇ ਦੇ ਉਪਰ ਮਜਬੂਤ ਅਤੇ ਸਾਫ ਸੁਥਰੇ ਵਸਤਰਾਂ ਨਾਲ ਢਲਾਣ ਵਾਲੀ ਛੱਤ ਪਾਈ ਹੋਈ ਸੀ, ਗੱਡੇ ਦੇ ਚੁਫੇਰੇ ਵੀ ਸੁੰਦਰ ਵਸਤਰ ਲਪੇਟੇ ਹੋਏ ਸਨ। ਇਸ ਗੱਡੇ ਤੇ ਨਿਸ਼ਾਨ ਸਾਹਿਬ ਵੀ ਝੂਲਦਾ ਸੀ। ਇਸ ਅਸਵਾਰੇ ਦੀ ਰੱਖਿਆ ਬਾਬਾ ਸੁਧਾ ਸਿੰਘ ਜੱਥੇਦਾਰ ਮਿਸਲ ਸ਼ਹੀਦੀ ਕਰ ਰਹੇ ਸਨ। ਦੁਸ਼ਮਣ ਫੌਜਾਂ ਵੀ ਇਸ ਗੱਡੇ ਤੇ ਕਬਜ਼ਾ ਕਰਨਾ ਚਾਹੁੰਦੀਆਂ ਸਨ। ਸਿੰਘ ਗੁਰੂ ਸਾਹਿਬ ਦੀ ਆਨਸ਼ਾਨ ਕਾਇਮ ਰੱਖਣ ਲਈ ਸ਼ਹੀਦੀਆਂ ਪ੍ਰਾਪਤ ਕਰ ਰਹੇ ਸਨ।

ਜੱਥੇਦਾਰਾਂ ਨੇ ਵਿਚਾਰ ਕਰਕੇ ਫੈਸਲਾ ਕੀਤਾ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਅਸਵਾਰੀ ਨੂੰ ਅੱਗੇ ਸੁਰੱਖਿਅਤ ਥਾਂ ਤੇ ਲਿਜਾਇਆ ਜਾਣਾ ਚਾਹੀਦਾ ਹੈ। ਸਿੰਘਾਂ ਨੇ ਇਹ ਹੁਕਮ ਮੰਨਦੇ ਹੋਏ ਦੱਖਣ ਵਾਲੇ ਪਾਸੇ ਤੋਂ ਮੁਗਲ ਫੌਜਾਂ ਵਲੋਂ ਬਣਾਈ ਮਜਬੂਤ ਮਨੁੱਖੀ ਦੀਵਾਰ ਨੂੰ ਚੀਰ ਕੇ ਗੁਰੂ ਸਾਹਿਬ ਦੇ ਸਰੂਪ ਨੂੰ ਘੇਰੇ ਵਿਚੋਂ ਕੱਢ ਲਿਆ। ਉਸ ਸਮੇਂ ਆਹਮੋ ਸਾਹਮਣੀ ਹੋਈ ਜੰਗ ਵਿੱਚ ਬਹੁਤ ਸਿੰਘ ਸ਼ਹੀਦ ਹੋਏ ਅਤੇ ਬਾਕੀ ਸਭ ਤੀਰਾਂ, ਤਲਵਾਰਾਂ, ਬਰਛਿਆਂ ਦੇ ਫਟਾਂ ਨਾਲ ਫੱਟੜ ਹੋ ਚੁੱਕੇ ਸਨ। ਇਸ ਹਾਲਤ ਵਿੱਚ ਭਾਵੇਂ ਅੱਗੇ ਕਦਮ ਪੁੱਟਣੇ ਔਖੇ ਸਨ ਪਰ ਫਿਰ ਵੀ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਅਸਵਾਰੀ ਲੈ ਪਿੰਡ ਕੁਠਾਲੇ ਪਹੁੰਚ ਗਏ। ਇਹ ਜੱਥਾ ੫ ਫਰਵਰੀ ੧੭੬੨ ਈ. ਮਾਘ ਸੁਦੀ ਦਸਵੀਂ ਦਿਨ ਸ਼ੁੱਕਰਵਾਰ ਇਸ ਪਿੰਡ ਵਿੱਚ ਪਹੁੰਚਿਆ। ਇਨ੍ਹਾਂ ਵਿਚੋਂ ੧੯ ਸਿੰਘ ਜਖਮਾਂ ਦੀ ਤਾਬ ਨਾ ਝੱਲਦੇ ਹੋਏ ਪਿੰਡ ਕੁਠਾਲਾ ਵਿੱਚ ਸ਼ਹੀਦ ਹੋ ਗਏ। ਇਨ੍ਹਾਂ ਸ਼ਹੀਦਾਂ ਦਾ ਸਸਕਾਰ ਬਾਬਾ ਸੁਧਾ ਸਿੰਘ ਜੀ ਨੇ

ਡੇਰਾ ਜਾਗਾ ਸਿੱਧਾਂ (ਕੁਠਾਲਾ) ਵਿਖੇ ਕੀਤਾ

ਇਸ ਡੇਰੇ ਦੇ ਵਿਸਨੂੰ ਨਾਮ ਦੇ ਪੰਡਿਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਸੌਂਪ ਕੇ ਸੇਵਾ ਸੰਭਾਲ ਕਰਨ ਦੀ ਬੇਨਤੀ ਕੀਤੀ। ਕੁਝ ਸਮਾਂ ਤਾਂ ਪੰਡਿਤ ਵਿਸਨੂੰ ਜੀ ਸਰੂਪ ਦੀ ਸੇਵਾ ਕਰਦਾ ਰਿਹਾ ਪਰ ਫਿਰ ਹਰਿਦੁਆਰ ਚਲਾ ਗਿਆ। ਡੇਰੇ ਨੂੰ ਜੰਦਰਾ ਮਾਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਇੱਕ ਆਲੇ ਵਿੱਚ ਟਿਕਾ ਦਿੱਤਾ। ਪੰਡਿਤ ਵਾਪਸ ਪਿੰਡ ਕੁਠਾਲੇ ਨਹੀਂ ਪਰਤਿਆ। ਇਸ ਤਰ੍ਹਾਂ ਲੰਮਾਂ ਸਮਾਂ ਬੀਤ ਜਾਣ ਤੋਂ ਬਾਅਦ ਪਿੰਡ ਕੁਠਾਲਾ ਦੇ ਵਾਸੀ ਕੁਦਰਤੀ ਆਫਤਾਂ ਦਾ ਸ਼ਿਕਾਰ ਹੋਣ ਲੱਗ ਪਏ। ਚਿੰਤਾਂ ਵਿੱਚ ਡੁੱਬੇ ਪਿੰਡ ਦੇ ਸਿਆਣੇ ਪੁਰਸ਼ਾਂ ਨੇ ਇੱਕ ਦਿਨ ਇਕੱਠੇ ਹੋ ਕੇ ਆਪਸ ਵਿੱਚ ਵਿਚਾਰ ਕੀਤੀ ਤੇ ਫਿਰ ਪਿੰਡ ਦੇ ਡੇਰਾ ਕੁਟੀਆ ਵਿੱਚ ਗਏ। ਉਥੇ ਉਨ੍ਹਾਂ ਨੇ ਸੁਆਮੀ ਚਿਤਾ ਨੰਦ ਨੂੰ ਪਿੰਡ ਤੇ ਹੁੰਦੀ ਕੁਦਰਤੀ ਕਰੋਪੀ ਬਾਰੇ ਪੁੱਛਿਆ ਤਾਂ ਸੁਆਮੀ ਜੀ ਨੇ ਦੱਸਿਆ ਕਿ ਤੁਹਾਡੇ ਪਿੰਡ ਵਿੱਚ ਕੋਈ ਧਾਰਮਿਕ ਅਨਮੋਲ ਖਜ਼ਾਨਾ ਅਣਗੌਲਿਆ ਪਿਆ ਹੈ। ਪਿੰਡ ਵਾਸੀਆ ਨੇ ਜਦੋਂ ਡੇਰਾ ਜਾਗਾ ਵਾਲੇ ਦਾ ਜਿੰਦਰਾ ਖੋਲ ਕੇ ਵੇਖਿਆ ਤਾਂ ਇੱਕ ਆਲੇ ਵਿੱਚ ਰੁਮਾਲਿਆਂ ਵਿੱਚ ਲਪੇਟੇ ਸ੍ਰੀ ਗੁਰੂ ਸਾਹਿਬ ਜੀ ਦੇ ਸੁੰਦਰ ਸਰੂਪ ਨਜ਼ਰੀ ਪਏ। ਇਥੋਂ ਇਹ ਸਰੂਪ ਲੈ ਜਾ ਕੇ ਸੁਆਮੀ ਚਿਤਾ ਨੰਦ ਜੀ ਨੇ ਬੜੇ ਅਦਬ ਸਤਿਕਾਰ ਨਾਲ ਆਪਣੇ ਡੇਰੇ ਵਿੱਚ ਪ੍ਰਕਾਸ਼ ਕੀਤਾ। ਲਗਪਗ ੫੦ ਸਾਲ ਇਹ ਪੁਰਾਤਨ ਹੱਥ ਲਿਖਤ ਸਰੂਪ ਡੇਰਾ ਕੁਟੀਆ ਵਿਖੇ ਪ੍ਰਕਾਸ਼ਮਾਨ ਰਹੇ।

ਡੇਰਾ ਜਾਗਾ ਵਾਲਾ ਵਿਖੇ ਜਿੱਥੇ ੧੯ ਸਿੰਘਾਂ ਦਾ ਸਸਕਾਰ ਹੋਇਆ ਸੀ ਉਥੇ ਇੱਕ ਕੱਚਾ ਥੜਾ ਯਾਦਗਾਰ ਵਜੋਂ ਕਾਇਮ ਕੀਤਾ ਗਿਆ। ਫਿਰ ਇਸ ਅਸਥਾਨ ਨੂੰ ਰਣਜੀਤ ਸਿੰਘ ਦਰਜੀਆਂ (ਕੁਠਾਲਾ) ਦੇ ਪਰਿਵਾਰ ਨੇ ਪੱਕਾ ਕਰਕੇ ਉਪਰ ਗੁੰਬਦ ਦੀ ਉਸਾਰੀ ਕਰਾ ਦਿੱਤੀ ਤੇ ਨਾਲ ਹੀ ਇੱਕ ਕਮਰਾ (ਦਰਬਾਰ ਸਾਹਿਬ) ਬਣਾ ਕੇ ਇਸ ਦਾ ਨਾਮ ਬਾਬਾ ਸੁਧਾ ਸਿੰਘ ਦੇ ਨਾਮ ਤੇ ਰੱਖਿਆ। ਫਿਰ ਡੇਰਾ ਕੁਟੀਆ ਤੋਂ ਪੁਰਾਤਨ ਸਰੂਪ ਲਿਆ ਕੇ ਇਸ ਦਰਬਾਰ ਵਿੱਚ ਪ੍ਰਕਾਸ਼ ਕੀਤੇ ਗਏ। ਸੰਨ ੧੯੫੪ ਈ. ਵਿੱਚ ਸ੍ਰੀ ਦਰਬਾਰ ਸਾਹਿਬ ਦੀ ਦੁਬਾਰਾ ਉਸਾਰੀ ਕੀਤੀ ਗਈ ਅਤੇ ਫਿਰ ੧੯੯੩ ਈ. ਵਿੱਚ ਮੌਜੂਦਾ ਸੁੰਦਰ ਇਮਾਰਤ ਤਿਆਰ ਕੀਤੀ ਗਈ। ਅੰਗੀਠਾ ਸਾਹਿਬ ਦੀ ਸੁੰਦਰ ਇਮਾਰਤ ਵੀ ਤਿਆਰ ਕੀਤੀ ਗਈ। ਇਹ ਹੱਥ ਲਿਖਤ ਸਰੂਪ ਤਕਰੀਬਨ ੨੫੦ ਸਾਲ ਪੁਰਾਤਨ ਹੈ ਅਤੇ ਸੰਨ ੧੭੬੨ ਤੋਂ ਲੈ ਕੇ ਅੱਜ ਤਕ ਪਿੰਡ ਕੁਠਾਲਾ ਵਿਖੇ ਹੀ ਪ੍ਰਕਾਸ਼ਮਾਨ ਹਨ। ਸੰਗਤਾਂ ਦੂਰ ਨੇੜੇ ਤੋਂ ਆ ਕੇ ਹਰੇਕ ਦਸਵੀਂ ਦੇ ਦਿਹਾੜੇ ਦਰਸ਼ਨ ਕਰਦੀਆਂ ਹਨ। ਆਮ ਸੰਗਤ ਵਿੱਚ ਇਹ ਵਿਚਾਰ ਪ੍ਰਚੱਲਤ ਹੈ ਕਿ ਇਹ ਸਰੂਪ ਬਾਬਾ ਦੀਪ ਸਿੰਘ ਜੀ ਦੇ ਕਰ ਕਮਲਾਂ ਦੁਆਰਾ ਲਿਖਿਆ ਹੋਇਆ ਹੈ। ਪਰ ਇਸ ਦੀ ਤਸਦੀਕ ਨਹੀਂ ਹੋ ਸਕੀ। ਇਸ ਅਸਥਾਨ ਦਾ ਨਾਮ 'ਗੁਰਦੁਆਰਾ ਸਾਹਿਬ ਜੀ ਸ਼ਹੀਦੀ (ਵੱਡਾ ਘਲੂਘਾਰਾ) ਪਿੰਡ ਕੁਠਾਲਾ' (ਮਲੇਰਕੋਟਲਾ) ਹੈ। ਕੁਠਾਲਾ ਪਿੰਡ ਦਾ

ਨਾਮ ਸਰਕਾਰੀ ਕਾਗਜਾਂ ਵਿੱਚ ਫਿਰੋਜਪੁਰ ਲਿਖਿਆ ਹੋਇਆ ਹੈ। ਇਹ ਪਿੰਡ ਮਲੇਰਕੋਟਲਾ-ਰਾਏਕੋਟ ਸੜਕ ਤੋਂ ੩ ਕਿ.ਮੀ. ਹਟਵਾਂ ਹੈ ਅਤੇ ਮਲੇਰਕੋਟਲੇ ਤੋਂ ੧੩ ਕਿ.ਮੀ. ਦੂਰ ਹੈ। ਇਸ ਗੁਰਦੁਆਰੇ ਦਾ ਪ੍ਰਬੰਧ ਲੋਕਲ ਕਮੇਟੀ ਕਰਦੀ ਹੈ। ਮਾਘ ਸੁਦੀ ਦਸਵੀਂ ਨੂੰ ਸ਼ਹੀਦੀ ਦਿਨ ਮਨਾਇਆ ਜਾਂਦਾ ਹੈ।

ਉਪਰੋਕਤ ਘਟਨਾ ਨਾਲ ਸਬੰਧਤ ਜੱਥੇਦਾਰ ਸੁਧਾ ਸਿੰਘ ਬਾਰੇ ਜਾਣਕਾਰੀ ਦੇਣਾ ਵੀ ਉਚਿੱਤ ਹੋਵੇਗਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਬੋ ਕੀ ਤਲਵੰਡੀ ਤੋਂ ਦੱਖਣ ਵਲ ਕੂਚ ਕਰਨ ਸਮੇਂ ਦਮਦਮਾ ਸਾਹਿਬ ਦੀ ਸੰਭਾਲ ਬਾਬਾ ਦੀਪ ਸਿੰਘ ਨੂੰ ਸੌਂਪੀ। ਇਸ ਦੇ ਨਾਲ ਹੀ ਬਾਬਾ ਸੁਧਾ ਸਿੰਘ, ਭਾਈ ਫਤਿਹ ਸਿੰਘ, ਭਾਈ ਬੁੱਢਾ ਸਿੰਘ, ਭਾਈ ਦੇਸਾ ਸਿੰਘ ਆਦਿ ਸਿੰਘਾਂ ਨੂੰ ਦਮਦਮਾ ਸਾਹਿਬ ਵਿੱਚ ਰਹਿ ਕੇ ਸੇਵਾ ਵਿੱਚ ਸਹਾਇਤਾ ਕਰਨ ਦਾ ਹੁਕਮ ਕੀਤਾ। ਬਾਬਾ ਸੁਧਾ ਸਿੰਘ ਜੀ ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ੧੭੫੭ ਈ. ਸ਼ਹੀਦੀ ਮਿਸਲ ਦੇ ਜੱਥੇਦਾਰ ਬਣੇ। ਗਿਆਨੀ ਗਿਆਨ ਸਿੰਘ ਲਿਖਦੇ ਹਨ :

ਚੌਪਈ :

ਦੀਪ ਸਿੰਘ ਦਾ ਥਾ ਅਗਵਾਨੀ। ਸੁਧਾ ਸਿੰਘ ਸਰਦਾਰ ਮਹਾਨੀ ।
ਦਯੋ ਪੰਥ ਤਿਸ ਕੋ ਦਸਤਾਰਾ। ਦੀਪ ਸਿੰਘ ਕੀ ਠੌਰ ਬਿਠਾਰਾ।
ਮਿਸਲ ਸ਼ਹੀਦਾਂ ਕੀ ਥੀ ਜੋਈ। ਅਨੰਦਪੁਰੀ ਥਿਰੀ ਥੀ ਸੋਈ।
ਸਤ ਹਜਾਰ ਸਵਾਰ ਤਾਹੇ ਮੇ। ਸੁਧਾ ਸਿੰਘ ਮੁਖੀਆ ਥਾਂ ਤਾਮੇ।
ਗ੍ਰਾਮ ਦਕੋਹੇ ਵਾਲਾ ਤਾਮੇ।

ਪਿੰਡ ਦਕੋਹਾ, ਤਹਿਸੀਲ ਬਟਾਲਾ ਜ਼ਿਲ੍ਹਾ ਗੁਰਦਾਸਪੁਰ ਵਿੱਚ ਅੰਮ੍ਰਿਤਸਰ ਸ੍ਰੀ ਹਰਿਗੋਬਿੰਦਪੁਰ ਸੜਕ ਤੇ ਰੇਲਵੇ ਸਟੇਸ਼ਨ ਕਾਦੀਆਂ ਤੋਂ ੨੨ ਕਿ.ਮੀ. ਦੂਰ ਹੈ। ਇਸ ਪਿੰਡ ਵਿੱਚ ਬਾਬਾ ਜੀ ਦੀ ਯਾਦਗਾਰ ਵਜੋਂ ਗੁਰਦੁਆਰਾ ਸਾਹਿਬ ਤੇ ਲੰਗਰ ਹਾਲ ਬਣੇ ਹੋਏ ਹਨ। ਹਰੇਕ ਮੱਸਿਆ ਨੂੰ ਬਾਬਾ ਜੀ ਦੀ ਯਾਦ ਵਿੱਚ ਲੰਗਰ ਲਾਏ ਜਾਂਦੇ ਹਨ।

ਬਾਬਾ ਸੁਧਾ ਸਿੰਘ ਜੀ, ਬਾਬਾ ਦੀਪ ਸਿੰਘ ਦੀ ਸ਼ਹੀਦੀ ਤੋਂ ਬਾਅਦ ਦਮਦਮਾ ਸਾਹਿਬ ਦੀ ਸੇਵਾ ਕਰਮ ਸਿੰਘ ਨੂੰ ਸਉਂਪ ਕੇ ਅੰਮ੍ਰਿਤਸਰ ਵਲ ਚਲੇ ਗਏ। ਬਾਬਾ ਸੁਧਾ ਸਿੰਘ ਨੇ ਅਬਦਾਲੀ ਨਾਲ ਹੋਈਆਂ ਜੰਗਾਂ ਤੇ ਸਰਹੰਦ ਦੇ ਸੂਬਾ ਜੈਨਖਾਨ ਵਿਰੁੱਧ ਲੜਾਈ ਵਿੱਚ ਵੱਡਾ ਹਿੱਸਾ ਪਾਇਆ। ਇਹ ਵੀ ਪਤਾ ਚਲਦਾ ਹੈ ਕਿ ਸੰਨ ੧੭੬੨ ਦੇ ਅਖੀਰ ਵਿੱਚ ਬਾਬਾ ਜੀ ਆਪਣੇ ਪਿੰਡ ਦਕੋਹਾ ਦੇ ਨੇੜੇ ਪਠਾਣਾਂ ਨਾਲ ਜੂਝ ਕੇ ਸ਼ਹੀਦ ਹੋ ਗਏ।

(ਬਾਕੀ ਪੰਨਾ ੩੧ ਉੱਤੇ ਪੜ੍ਹੋ)

# ਗੁਰੂ ਅੰਗਦ ਦੇਵ ਜੀ ਦੇ ਕੁਝ ਜਗਿਆਸੂ ਸਿੱਖ

-ਸ.ਗੁਲਜਾਰ ਸਿੰਘ, ਮੋ : 93163-45050

ਗੁਰੂ ਸਾਹਿਬਾਨ ਦੇ ਜੀਵਨ-ਕਾਲ ਸਮੇਂ ਬਹੁਤ ਸਾਰੇ ਲੋਕ ਗੁਰੂ ਸਾਹਿਬਾਨ ਦੇ ਦਰਸ਼ਨਾਂ ਲਈ ਸਮੇਂ-ਸਮੇਂ ਆਉਂਦੇ ਸਨ। ਅਲੱਗ- ਅਲੱਗ ਧਰਮਾਂ ਨਾਲ ਸੰਬੰਧ ਰੱਖਦੇ ਹੋਏ ਵੀ ਗੁਰੂ ਸਾਹਿਬਾਨ ਦੀ ਉਸਤਤਿ ਸੁਣ ਕੇ ਜਾਂ ਗੁਰੂ ਜੀ ਦੀਆਂ ਸੰਗਤਾਂ ਦਾ ਖੁਸ਼ੀ-ਖੇੜਾ ਵੇਖ ਕੇ ਪ੍ਰਭਾਵਤ ਹੋ ਕੇ ਗੁਰੂ ਜੀ ਕੋਲ ਸੰਗਤ ਦੇ ਸਾਥ ਨਾਲ ਆਉਂਦੇ ਸਨ।

ਕਈ ਮਨ ਵਿੱਚ ਸ਼ੰਕੇ ਰੱਖ ਕੇ ਗੁਰੂ ਸਾਹਿਬਾਨ ਦੀ ਰੂਹਾਨੀ ਉਚਾਈ ਨੂੰ ਪਰਖਣ ਦੀ ਭਾਵਨਾ ਨਾਲ ਗੁਰੂ ਦਰਬਾਰ ਵਿੱਚ ਆਉਂਦੇ ਅਤੇ ਤਰ੍ਹਾਂ-ਤਰ੍ਹਾਂ ਦੇ ਸਵਾਲ ਕਰਕੇ ਆਪਣੀ ਤਸੱਲੀ ਕਰਦੇ ਸਨ। ਕਈਆਂ ਦੀ ਪੂਰਬਲੇ ਸ਼ੁੱਭ ਕਰਮਾਂ ਦਾ ਸਦਕਾ, ਮਿਲਾਪ ਦੀ ਬਿਧ ਬਣਦੀ, ਗੁਰੂ ਜੀ ਕੋਲੋਂ ਸ਼ੰਕਿਆਂ ਦੀ ਨਿਵਿਰਤੀ ਕਰਕੇ ਆਪਨੀ ਜਗਿਆਸਾ ਸ਼ਾਂਤ ਕਰਦੇ। ਨਾਮ ਦਾਨ ਪ੍ਰਾਪਤ ਕਰਕੇ ਰੂਹਾਨੀ ਨਿਖਾਰ ਦੀ ਪ੍ਰਾਪਤੀ ਦੁਆਰਾ ਜੀਵਨ ਸਫਲਾ ਕਰਦੇ। ਉਦਾਹਰਣ ਵਜੋਂ, ਬਾਬਾ ਬੁੱਢਾ ਜੀ ਦੀ ਸਖਸ਼ੀਅਤ ਨੂੰ ਸਾਰਾ ਸਿੱਖ ਜਗਤ ਸਤਿਕਾਰ ਕਰਦਾ ਹੈ ਅਤੇ ਜੀਵਨ ਸੇਧਾਂ ਲੈਂਦਾ ਹੈ।

ਇਸ ਲੇਖ ਵਿੱਚ, ਸ੍ਰੀ ਗੁਰੂ ਅੰਗਦ ਦੇਵ ਜੀ ਦੇ ਜੀਵਨ-ਕਾਲ ਸਮੇਂ ਕੁਝ ਜਗਿਆਸੂਆਂ ਦੇ ਭਰਮ ਭੁਲੇਖੇ, ਸੰਸਾਰਕ ਜੀਵਨ ਦੀਆਂ ਮੁਸ਼ਕਲਾਂ, ਦੁੱਖ-ਸੁੱਖ ਅਤੇ ਪ੍ਰਭੂ ਮਿਲਾਪ ਵਿੱਚ ਆ ਰਹੀਆਂ ਮੁਸ਼ਕਲਾਂ ਬਾਰੇ ਪੁੱਛੇ ਸਵਾਲਾਂ ਬਾਰੇ ਵਿਚਾਰ ਕਰ ਰਹੇ ਹਾਂ।

(੧) ਗੁੱਜਰ ਨਾਮੀ ਇੱਕ ਸਿੱਖ ਜੋ ਲੋਹਾਰ ਦਾ ਕੰਮ ਕਰਦਾ ਸੀ, ਗੁਰੂ ਜੀ ਕੋਲ ਆਇਆ, ਨਮਸਕਾਰ ਕਰਕੇ ਗੁਰੂ ਜੀ ਦੇ ਕੋਲ ਬੈਠ ਕੇ ਬੇਨਤੀ ਕੀਤੀ : "ਗੁਰੂ ਜੀ ! ਪੇਟ ਦੀ ਖਾਤਰ ਅਸੀਂ ਸਾਰਾ ਦਿਨ ਕੰਮ ਕਰਦੇ ਹਾਂ । ਗ੍ਰਹਿਸਤੀ ਜੀਵਨ ਵਿੱਚ ਫਸੇ ਹੋਇਆਂ ਸਮਾਂ ਹੀ ਨਹੀਂ ਮਿਲਦਾ ਕਿ ਆਪ ਜੀ ਦੇ ਪਾਸ ਰਹਿ ਕੇ ਧਰਮ ਕਮਾਈਏ। ਸਾਡਾ ਕਿਸ ਤਰ੍ਹਾਂ ਕਲਿਆਣ ਹੋਵੇਗਾ ?

ਗੁਰੂ ਜੀ ਨੇ ਗੁੱਜਰ ਦੀ ਗੱਲ ਸੁਣ ਕੇ ਉਪਦੇਸ਼ ਦਿੱਤਾ ਕਿ ਇੱਕ ਮਨ ਹੋ ਕੇ ਅੰਮ੍ਰਿਤ ਵੇਲੇ ਜਪੁਜੀ ਸਾਹਿਬ ਦਾ ਪਾਠ ਕਰਿਆ ਕਰੋ। ਬਾਣੀ ਦੇ ਅਰਥਾਂ ਤੇ ਵਿਚਾਰ ਕਰਿਆ ਕਰੋ। ਕੋਈ ਗਰੀਬ ਆ ਜਾਵੇ ਅਤੇ ਪੈਸੇ ਨਾ ਦੇ ਸਕਦਾ ਹੋਵੇ ਤਾਂ ਗੁਰੂ ਦਾ ਕੰਮ ਸਮਝ ਕੇ, ਉਸ ਦਾ ਕੰਮ, ਦਇਆ ਭਾਵਨਾ ਨਾਲ ਬਿਨਾ ਮਜਦੂਰੀ ਲਏ, ਕਰ ਦਿਆ ਕਰੋ। ਆਪਣੀ ਕਮਾਈ ਵਿੱਚੋਂ ਧਰਮ ਦੇ ਕਾਰਜਾਂ ਲਈ ਦਸਵੰਧ ਕੱਢਿਆ ਕਰੋ। ਗੁਰ ਸਬਦ ਦੀ ਕਮਾਈ ਵਾਲੇ ਸਿੱਖ ਜੇ ਤੁਹਾਡੇ ਘਰ ਆਉਣ ਤਾਂ ਮਨ ਵਿੱਚ ਪ੍ਰੇਮ ਰੱਖ ਕੇ ਉਨ੍ਹਾਂ ਦੀ ਸੇਵਾ ਕਰਿਆ ਕਰੋ। ਗੁੱਜਰ ਨੇ ਗੁਰੂ ਜੀ ਦਾ ਉਪਦੇਸ਼ ਹਿਰਦੇ ਵਿੱਚ ਵਸਾ ਲਿਆ ਅਤੇ ਉਸ ਤੇ ਪੂਰਨ ਵਿਸ਼ਵਾਸ

ਨਾਲ ਅਮਨ ਕਰਦੇ ਅਕਾਲ ਪੁਰਖ ਨਾਲ ਮਿਲਾਪ ਦੀ ਅਵਸਥਾ ਪ੍ਰਾਪਤ ਕਰ ਗਿਆ। ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿੱਚ ਲਿਖਦੇ ਹਨ :

ਗੁਜਰੁ ਜਾਤਿ ਲੁਹਾਰੁ ਹੈ ਗੁਰ ਸਿਖੀ ਗੁਰਸਿਖ ਸੁਣਾਵੈ ।

ਗੁਰਮੁਖਿ ਸੁਖ ਫਲੁ ਅਲਖੁ ਲਖਾਵੈ । (ਭਾਈ ਗੁਰਦਾਸ ਜੀ, ਵਾਰ ੧੧, ਪਉੜੀ ੧੪)

(ਗੁੱਜਰ ਨਾਮ ਦਾ ਗੁਰਸਿੱਖ ਜੋ ਲੁਹਾਰ ਜ਼ਾਤ ਨਾਲ ਸੰਬੰਧ ਰੱਖਦਾ ਸੀ ਇਸ ਨੇ ਗੁਰ ਬਚਨਾ ਨੂੰ ਕਮਾਇਆ ਤੇ ਅੱਗੋਂ ਹੋਰ ਗੁਰਸਿੱਖਾਂ ਨੂੰ ਗੁਰੂ ਜੀ ਦੇ ਉਪਦੇਸ਼ ਨਾਲ ਜੋੜਿਆ। ਗੁਰਮੁਖਾਂ ਨੂੰ ਅਲੱਖ (ਪ੍ਰਭੂ) ਦੇ ਸੁਖ ਫਲ (ਨਾਮ-ਰੰਗ) ਦੀ ਸੋਝੀ ਹੋ ਜਾਂਦੀ ਹੈ)

(੨) ਭਾਈ ਧਿੰਙੁ ਜੋ ਨਾਈ ਬਰਾਦਰੀ ਵਿੱਚੋਂ ਸੀ ਅਤੇ ਸੰਗਤਾਂ ਨਾਲ ਮਿਲ ਕੇ ਪ੍ਰੇਮ ਭਾਵਨਾ ਨਾਲ ਆਇਆ ਅਤੇ ਸੇਵਾ ਵਿੱਚ ਜੁੱਟ ਗਿਆ। ਇੱਕ ਦਿਨ ਗੁਰੂ ਜੀ ਦੇ ਸਨਮੁਖ ਹੋਇਆ ਅਤੇ ਬੇਨਤੀ ਕੀਤੀ ਸਤਿਗੁਰ ਜੀ ! ਮੈਨੂੰ ਉਪਦੇਸ਼ ਦੇਵੋ ਜਿਸ ਨਾਲ ਮੇਰੇ ਸਾਰੇ ਦੁੱਖ ਕਲੇਸ਼ ਦੂਰ ਹੋ ਜਾਣ !

ਗੁਰੂ ਜੀ ਬਖਸ਼ਿਸ਼ ਦੇ ਘਰ ਵਿੱਚ ਆਏ ਬਚਨ ਕੀਤੇ ਕਿ ਭਾਈ ਧਿੰਙੁ ! ਤੇਰੀ ਬਰਾਦਰੀ ਵਿੱਚ ਹੀ ਇੱਕ ਵੱਡਾ ਭਗਤ ਹੋਇਆ (ਭਗਤ ਸੈਣ ਜੀ) ਜਿਸ ਦੇ ਦੁੱਖ/ ਕਲੇਸ਼ ਨਵਿਰਤ ਹੋਏ। ਉਸ ਨੇ ਸੇਵਾ/ਸਤਿਸੰਗ ਅਤੇ ਭਗਤੀ ਦੀ ਕਮਾਈ ਕੀਤੀ; ਤੂੰ ਵੀ ਭਗਤੀ ਕਰ। ਵੀਚਾਰ ਕੇ ਵੇਖ ਭਗਤ ਸੈਣ ਜੀ ਆਪਣੀ ਬਾਣੀ ਵਿੱਚ ਕੀ ਉਪਦੇਸ਼ ਕਰਦੇ ਹਨ :

ਮਦਨ ਮੂਰਤਿ ਭੈ ਤਾਰਿ ਗੋਬਿੰਦੇ ॥ ਸੈਨੁ ਭਣੈ ਭਜੁ ਪਰਮਾਨੰਦੇ ॥੪॥ (ਅੰਗ-੬੯੫)

(ਸੈਣ ਜੀ ਆਖਦੇ ਹਨ ਕਿ ਪ੍ਰਭੂ ਜੋ ਸੁੰਦਰ ਸਰੂਪ ਹੈ, ਡਰ ਦੂਰ ਕਰਨ ਵਾਲਾ ਹੈ, ਸੰਸਾਰ ਦੇ ਜੀਵਾਂ ਦਾ ਪਾਲਣ ਪੋਸ਼ਣ ਕਰਨ ਵਾਲਾ ਹੈ ; ਹੇ ਇਨਸਾਨ ! ਤੂੰ ਉਸ ਦੇ ਪਵਿੱਤਰ ਨਾਮ ਦਾ ਸਦਾ ਸਿਮਰਨ ਕਰ)

ਭਾਈ ਧਿੰਙੁ ਫਿਰ ਬੇਨਤੀ ਕਰਦੇ ਹਨ ਕਿ ਗੁਰੂ ਜੀ ! ਮਨ ਦੇ ਕਲੇਸ਼ ਨਿਵਿਰਤ ਨਹੀਂ ਹੁੰਦੇ। ਆਪ ਹੀ ਰਾਹੇ ਪਾਵੋ ਤੇ ਮਿਹਰ ਕਰਕੇ ਕਰਵਾ ਲਵੋ। ਗੁਰੂ ਜੀ ਨੇ ਸਮਝਾਇਆ ਭਾਈ ਧਿੰਙੁ ! ਮਨਮੱਤ ਤਿਆਗ ਕੇ ਗੁਰਮੱਤ ਅਪਨਾ ਲਵੋ। ਮਨਮੱਤ ਕਲੇਸ਼ਾਂ ਦਾ ਕਾਰਨ ਬਣਦੀ ਹੈ ਅਤੇ ਗੁਰਮੱਤ ਕਲੇਸ਼ ਨਿਵਾਰਦੀ ਹੈ। ਗੁਰਮੱਤ ਸੋਝੀ ਦਿੰਦੀ ਹੈ ਕਿ ਮਾੜੇ ਕਰਮ ਤਿਆਗ ਕੇ ਭਲਾ ਸੋਚਣਾ, ਭਲਾ ਕਰਨਾ, ਕਰਤਾ ਪੁਰਖ ਦੇ ਗੁਣ ਗਾਉਣੇ, ਅੰਮ੍ਰਿਤ ਵੇਲਾ ਸੰਭਾਲ ਕੇ ਪ੍ਰਭੂ ਦਾ ਨਾਮ ਸਿਮਰਨਾ, ਸਮੇਂ ਦਾ ਲਾਹਾ ਲੈ ਕੇ ਨਾਮ ਵਿੱਚ ਜੁੜੇ ਰਹਿਣਾ। ਇਸ ਤਰ੍ਹਾਂ ਭਾਈ ਧਿੰਙੁ ਨੂੰ ਨਾਮ ਦੀ ਬਖਸ਼ਿਸ ਹੋਈ। ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚ ਆਪ ਜੀ ਦਾ ਨਾਮ ਵੀ ਕਮਾਈ ਵਾਲੇ ਗੁਰਸਿੱਖਾਂ ਵਿੱਚ ਲਿਖਿਆ ਹੈ :

ਨਾਈ ਧਿੰਙੁ ਵਖਾਣੀਐ ਸਤਿਗੁਰ ਸੇਵਿ ਕੁਟੰਬੁ ਤਰਾਵੈ ।

ਗੁਰਮੁਖਿ ਸੁਖ ਫਲੁ ਅਲਖੁ ਲਖਾਵੈ । (ਭਾਈ ਗੁਰਦਾਸ ਜੀ, ਵਾਰ ੧੧, ਪਉੜੀ ੧੪)

(ਭਾਈ ਧਿੰਙੁ ਗੁਰੂ ਦੀ ਸੇਵਾ ਨੂੰ ਸਮਰਪਿਤ ਹੋ ਕੇ ਆਪ ਸੰਸਾਰ ਸਮੁੰਦਰ ਤੋਂ ਤਰ ਗਿਆ ਅਤੇ ਆਪਣੇ ਪਰਿਵਾਰ ਨੂੰ ਵੀ ਤਾਰ ਗਿਆ। ਗੁਰਮੁਖਾਂ ਨੂੰ ਅਲੱਖ (ਪ੍ਰਭੂ) ਦੇ ਸੁਖ ਫਲ (ਨਾਮ-ਰੰਗ) ਦੀ ਸੋਝੀ ਹੋ ਜਾਂਦੀ ਹੈ।)

ਗੁਰੂ ਸਾਹਿਬ ਬਖਸ਼ਿਸ਼ ਕਰਕੇ ਸਮਝਾਉਂਦੇ ਹਨ :

ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥੨॥ (ਅੰਗ-੪੬੬)

(ਜੋ ਇਨਸਾਨ ਪ੍ਰਭੂ ਦੀ ਕਿਰਪਾ ਸਦਕਾ ਗੁਰ ਸ਼ਬਦ ਦੀ ਕਮਾਈ ਕਰਦਾ ਹੈ, ਹੇ ਗੁਰਸਿੱਖੋ ! ਉਹ ਇਸ ਸੰਜਮ /ਕਮਾਈ ਸਦਕਾ ਦੁੱਖਾਂ/ਕਲੇਸ਼ਾਂ ਤੋਂ ਛੁਟਕਾਰਾ ਪਾ ਲੈਂਦਾ ਹੈ)

ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥
ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ ॥੧॥ (ਅੰਗ-੪੭੪)

(ਸੇਵਕ ਜਗਿਆਸੂ ਜਦ ਆਪਾ ਭਾਵ ਮਿਟਾ ਕੇ ਮਾਲਕ ਪ੍ਰਭੂ ਦੀ ਸੇਵਾ ਵਿਚ ਲਗਦਾ ਹੈ ਤਾਂ ਹੀ ਉਸ ਨੂੰ (ਪ੍ਰਭੂ ਦੇ ਦਰ ਤੇ) ਇੱਜ਼ਤ ਮਿਲਦੀ ਹੈ ਅਤੇ ਐਸਾ ਸੇਵਕ ਹੀ ਪ੍ਰਭੂ ਨਾਲ ਇੱਕ ਮਿੱਕ ਹੋ ਕੇ ਮਿਲਾਪ ਹਾਸਲ ਕਰਦਾ ਹੈ ਅਤੇ ਪ੍ਰਵਾਨ ਚੜ੍ਹਦਾ ਹੈ।)

(੩) ਪਾਰੋ ਜੁਲਕਾ, ਡੱਲਾ ਨਿਵਾਸੀ ਗੁਰੂ ਅੰਗਦ ਦੇਵ ਜੀ ਕੋਲ ਪਰਮ-ਹੰਸ ਦੇ ਲੱਛਣਾਂ ਬਾਰੇ ਜਾਨਣ ਦੀ ਅਤੇ ਦਰਸ਼ਨ ਕਰਨ ਦੀ ਜਗਿਆਸਾ ਲੈ ਕੇ ਆਇਆ। ਕਹਿਣ ਲੱਗਾ ਗੁਰਦੇਵ ਜੀ! ਲਿਖੇ ਲੱਛਣ ਤਾਂ ਸੁਣੇ ਹਨ ਪਰ ਸੱਚਮੁੱਚ ਦਾ, ਨਾ ਸੁਣਿਆ ਨਾ ਡਿੱਠਾ। ਦਾਤਾ ਜੀ ! ਸਚੱਮੁੱਚ ਦੇ ਪਰਮਹੰਸ ਦੇ ਲੱਛਣ ਸਮਝਾਉ ਅਤੇ ਦਰਸ਼ਨ ਕਰਾਉ।

ਗੁਰੂ ਸਾਹਿਬ ਨੇ ਸਮਝਾਉਂਦੇ ਹੋਇ ਬਚਨ ਕੀਤੇ ਕਿ ਹੰਸ ਇੱਕ ਪੰਛੀ ਹੁੰਦਾ ਹੈ ਜੋ ਮਾਨਸਰੋਵਰ ਦੇ ਨਜ਼ਦੀਕ ਰਹਿੰਦਾ ਹੈ। ਉਹ ਸਾਗਰ ਵਿੱਚੋਂ ਮੋਤੀ ਪ੍ਰਾਪਤ ਕਰਕੇ ਉਸ ਦਾ ਭੋਜਨ ਕਰਦਾ ਹੈ। ਬਹੁਤ ਸੁੰਦਰ ਤੇ ਉੱਜਲ ਹੁੰਦਾ ਹੈ। ਹੰਸ ਨੂੰ ਪ੍ਰਭੂ ਨੇ ਇਹ ਗੁਣ ਬਖਸ਼ਿਆ ਹੈ ਕਿ ਉਹ ਦੁੱਧ ਤੇ ਪਾਣੀ ਵੱਖ ਕਰਕੇ ਪਾਣੀ ਛੱਡ ਕੇ ਦੁੱਧ ਪੀ ਲੈਂਦਾ ਹੈ। (ਮਾਨਸਰੋਵਰ, ਕੈਲਾਸ਼ ਪਰਬਤ ਦੇ ਨੇੜੇ ਇੱਕ ਪ੍ਰਸਿੱਧ ਝੀਲ ਹੈ ; ਇਹ ਇਲਾਕਾ ਤਿੱਬਤ ਵਿੱਚ ਹੈ। ਕਵੀਆਂ ਨੇ ਇਸ ਨੂੰ ਹੰਸਾਂ ਦਾ ਸਥਾਨ ਲਿਖਿਆ ਹੈ)

ਕਿਉਂਕਿ ਹੰਸ ਬਹੁਤ ਉੱਜਲਾ ਮੰਨਿਆ ਜਾਂਦਾ ਹੈ ਅਤੇ ਇਸ ਕਾਰਨ ਉੱਜਲਤਾ ਦੇ ਦ੍ਰਿਸ਼ਟਾਂਤ ਦੇ ਰੂਪ ਵਿੱਚ ਇਸ ਦਾ ਨਾਮ ਲਿਆ ਜਾਂਦਾ ਹੈ। ਅਵਧੂਤ ਸੰਨਿਆਸੀਆਂ ਨੇ ਇਸ ਨਾਲ ਪਰਮ ਲਗਾ ਕੇ ਆਪਣੇ ਕੁਝ ਸਤਿਕਾਰਿਤ ਸਾਧੂਆਂ ਲਈ ਪਰਮਹੰਸ ਸ਼ਬਦ ਦੀ ਵਰਤੋਂ ਕੀਤੀ ਹੈ।

ਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ ਵਿੱਚ "ਹੰਸ" ਸ਼ਬਦ ਮਨੁੱਖੀ ਜਾਮੇ ਲਈ ਵਰਤ ਕੇ ਸਾਡੀ ਵਿਕਾਰੀ ਬਿਰਤੀ ਵੱਲੋਂ ਸੁਚੇਤ ਕੀਤਾ ਹੈ।ਵਿਕਾਰੀ ਬਿਰਤੀ ਵਾਲੇ ਇਨਸਾਨ

ਜਿਨ੍ਹਾਂ ਦਾ ਮਨ ਲੋਭ ਰੂਪੀ ਸੂਤਕ (ਅਪਵਿੱਤਰਤਾ) ਨੇ ਗ੍ਰਸਿਆ ਹੋਇਆ ਹੈ, ਝੂਠ ਬੋਲਣ ਕਰਕੇ ਰਸਨਾ ਸੂਤਕ ਦਾ ਸ਼ਿਕਾਰ ਹੈ, ਅੱਖਾਂ ਪਰਾਏ ਧਨ ਜੋਬਨ ਵੱਲ ਲਲਚਾਉਣ ਦੇ ਸੂਤਕ ਨਾਲ ਮੈਲੀਆਂ ਹਨ, ਕੰਨ ਗਾਫਲ ਹੋ ਕੇ ਪਰਾਈ ਨਿੰਦਾ ਦਾ ਸੂਤਕ ਹੰਡਾਉਦੇ ਹਨ। ਐਸੇ ਲੋਕ 'ਹੰਸ' ਸਮਾਨ ਸੁੰਦਰ ਮਨੁੱਖੀ ਜਾਮਾਂ ਗਵਾ ਕੇ ਅੰਤ ਜਮਾਂ ਦੇ ਵੱਸ ਪੈਂਦੇ ਹਨ।

**ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ ॥ ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ ॥ ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ ॥ ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ ॥੨॥** (ਅੰਗ-੪੭੨)

ਭਾ: ਗੁਰਦਾਸ ਜੀ ਵੀ ਇਸੇ ਵਿਚਾਰ ਦੀ ਪ੍ਰੋੜਤਾ ਕਰਦੇ ਹੋਏ ਆਪਣੀਆਂ ਵਾਰਾਂ ਵਿੱਚ ਫ਼ੁਰਮਾਉਂਦੇ ਹਨ :

**ਹੰਸਹੁ ਹੰਸ ਗਿਆਨੁ ਕਰਿ ਦੁਧੈ ਵਿਚਹੁ ਕਢੈ ਪਾਣੀ ।** (ਵਾਰ ੨੪, ਪਉੜੀ ੨੨)

(ਹੰਸ ਸਮਾਨ ਗੁਰਸਿੱਖ ਗੁਰ-ਗਿਆਨ/ਗੁਰਮੱਤ ਦਾ ਸਦਕਾ ਕੂੜ/ਕੁਸੱਤ ਦਾ ਮਾਰਗ ਤਿਆਗ ਕੇ ਸੱਚ ਦੇ ਮਾਰਗ ਤੇ ਚੱਲਦੇ ਹਨ।)

**ਸਹਜ ਸਰੋਵਰਿ ਪਰਮਹੰਸੁ ਗੁਰਮਤਿ ਮੋਤੀ ਮਾਣਕ ਚੋਗੀ ।** (ਵਾਰ ੨੪, ਪਉੜੀ ੧੭)

(ਜੋ ਗੁਰਸਿੱਖ (ਪਰਮਹੰਸਾਂ ਸਮਾਨ) ਗੁਰਮੱਤ ਦੀ ਕਮਾਈ ਕਰਦੇ ਹਨ, ਉਹ ਗੁਰ-ਬਖਸ਼ਿਸ਼ ਸਦਕਾ ਆਤਮਿਕ ਅਡੋਲਤਾ ਦੇ ਸਾਗਰ ਗੁਰ-ਪਰਮੇਸ਼ਰ ਨਾਲ ਇੱਕ ਮਿੱਕ ਹੋਏ ਅਨੰਦ ਮਾਣਦੇ ਹਨ)

ਭਾਈ ਜੁਲਕਾ ਫਿਰ ਗੁਰੂ ਜੀ ਨਾਲ ਆਪਣੀ ਜਗਿਆਸਾ ਦੀ ਬੇਨਤੀ ਦੁਹਰਾਉਂਦੇ ਹੋਏ ਕਹਿੰਦੇ ਹਨ , ਗੁਰੂ ਜੀ ! ਮੈ ਪਰਮਹੰਸ ਸਾਧੂ ਦੇ ਲੱਛਣ ਜਾਨਣ ਲਈ ਉਤਸੁਕ ਹਾਂ ਅਤੇ ਆਪ ਜਿਸ ਨੂੰ ਪਰਮਹੰਸ ਕਹੋ ਉਸ ਦੇ ਦਰਸ਼ਨ ਕਰਨ ਦਾ ਇੱਛਕ ਹਾਂ।

ਗੁਰੂ ਜੀ ਅੱਗੇ ਸਮਝਾਉਂਦੇ ਹੋਏ ਕਹਿੰਦੇ ਹਨ ਕਿ ਜੀਵ ਪਦਾਰਥਾਂ ਦੇ ਮੋਹ ਵਿੱਚ ਖੱਚਤ ਹੋਏ ਰਹਿੰਦੇ ਹਨ। ਉੱਤਮ ਪੁਰਖ (ਹੰਸ ਸਮਾਨ), ਸ਼ਬਦ ਰੂਪੀ ਆਤਮਿਕ ਖੁਰਾਕ, ਗੁਰੂ-ਸਾਗਰ(ਗੁਰਬਾਣੀ/ਬ੍ਰਹਮ ਗਿਆਨ ਦੇ ਰਤਨ) ਵਿੱਚੋਂ ਪ੍ਰਾਪਤ ਕਰਦੇ ਹਨ ਅਤੇ ਗੁਰੂ ਨੂੰ ਅੰਗ ਸੰਗ ਸਮਝਦੇ ਹਨ। ਇਸ ਕਮਾਈ ਨਾਲ, ਗੁਰੂ ਪਰਮੇਸਰ ਦੀ ਬਖ਼ਸ਼ਿਸ਼ ਦੇ ਰੂਪ ਵਿੱਚ, ਬਿਬੇਕ ਬੁੱਧ ਹਾਸਲ ਕਰ ਲੈਂਦੇ ਹਨ ਜੋ ਉਨ੍ਹਾਂ ਨੂੰ ਚੰਗਾ ਮਾੜਾ ਨਿਖੇੜਨ ਦੀ ਸੋਝੀ ਬਖਸ਼ਦੀ ਹੈ। ਦੁੱਧ ਭਾਵ ਚੰਗੇ ਗੁਣ ਗ੍ਰਹਿਣ ਕਰਦੇ ਹਨ ਅਤੇ ਵਿਕਾਰਾਂ ਦਾ ਤਿਆਗ ਕਰਦੇ ਹਨ। ਜਿਵੇਂ ਮਾਨਸਰੋਵਰ ਨੂੰ ਹੰਸ ਛੱਡ ਕੇ ਨਹੀਂ ਜਾਂਦਾ ਇਸੇ ਤਰ੍ਹਾਂ ਪੂਰਨ ਗੁਰਸਿੱਖ ਗੁਰੂ ਦਾ ਦਰ ਛੱਡ ਕੇ ਨਹੀ ਜਾਂਦਾ ਅਤੇ ਪ੍ਰੇਮਾ-ਭਗਤੀ ਦੀ ਬਰਕਤ ਨਾਲ ਅਡੋਲ ਆਤਮਿਕ ਅਵਸਥਾ ਵਿੱਚ ਲੀਨ ਹੋ ਜਾਂਦਾ ਹੈ। ਐਸੀ ਅਵਸਥਾ ਵਾਲੇ ਗੁਰਸਿੱਖ ਅੰਦਰ, ਗੁਰੂ ਸਰੋਵਰ ਆਪਣਾ-ਆਪ ਭਾਵ ਸ਼ੁੱਭ ਗੁਣ ਪਰਗਟ ਕਰਦਾ ਹੈ। ਗੁਰ ਬਚਨ ਕਮਾਉਣ ਸਦਕਾ, ਨਾ

ਬਿਆਨ ਕੀਤੀ ਜਾ ਸਕਣ ਵਾਲੀ ਆਤਮਿਕ ਅਵਸਥਾ ਪ੍ਰਾਪਤ ਕਰਕੇ, ਲੋਕ/ਪਰਲੋਕ ਵਿੱਚ ਆਦਰ ਪਾਉਂਦਾ ਹੈ। ਗੁਰੂ-ਪਰਮੇਸ਼ਰ ਵਿੱਚ ਟਿਕੇ ਹੰਸ ਸਮਾਨ ਉਜਲੇ ਜੀਵ ਪ੍ਰਭੂ ਨੂੰ ਪਾ ਲੈਂਦੇ ਹਨ :-

ਗੁਰੁ ਸਾਗਰੁ ਰਤਨੀ ਭਰਪੂਰੇ ॥ ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ ॥
ਹਰਿ ਰਸੁ ਚੋਗ ਚੁਗਹਿ ਪ੍ਰਭ ਭਾਵੈ ॥ ਸਰਵਰ ਮਹਿ ਹੰਸੁ ਪ੍ਰਾਨਪਤਿ ਪਾਵੈ ॥੧॥
(ਅੰਗ ੬੮੫)

ਸਰਵਰ ਹੰਸਾ ਛੋਡਿ ਨ ਜਾਇ ॥ ਪ੍ਰੇਮ ਭਗਤਿ ਕਰਿ ਸਹਜਿ ਸਮਾਇ ॥
ਸਰਵਰ ਮਹਿ ਹੰਸੁ ਹੰਸ ਮਹਿ ਸਾਗਰੁ ॥ ਅਕਥ ਕਥਾ ਗੁਰ ਬਚਨੀ ਆਦਰੁ ॥
(ਅੰਗ ੬੮੫)

ਭਾਈ ਵੀਰ ਸਿੰਘ ਜੀ ਆਪਣੀ ਪੁਸਤਕ "ਸ੍ਰੀ ਅਸ਼ਟ ਗੁਰੂ ਚਮਤਕਾਰ" ਵਿੱਚ ਲਿਖਦੇ ਹਨ ਕਿ ਇਹ ਸਾਰੇ ਬਚਨ ਭਾਈ ਪਾਰੋ ਨਾਲ ਕਰਕੇ, ਗੁਰੂ ਸਾਹਿਬ ਨੇ ਉਸ ਨੂੰ ਜੁਗਤ ਸਮਝਾਉਂਦੇ ਹੋਏ ਕਿਹਾ ਕਿ ਭਾਈ ਪਾਰੋ ! ਸਬਦ ਦਾ ਧਾਰਨੀ ਬਣ, ਨਾਮ ਰੂਪੀ ਰਤਨਾਂ ਦੀ ਚੋਗ ਚੁਗ, ਧਿਆਨ ਰੱਖ ਕਰਤਾ ਪੁਰਖ ਵੱਲ, ਗ੍ਰਿਹਸਤ ਦੇ ਵਿੱਚੇ ਹੀ ਹੋ ਜਾਏਂਗਾ ਪਰਮਹੰਸ।

ਭਾਈ ਪਾਰੋ ਬੜੇ ਧਿਆਨ ਨਾਲ ਗੁਰੂ ਜੀ ਦੇ ਬਚਨ ਸੁਣ ਰਿਹਾ ਸੀ।ਗੁਰੂ ਜੀ ਦੇ ਬਚਨ ਚਿੱਤ ਵਿੱਚ ਸਮਾ ਰਹੇ ਸਨ।ਸਹਿਜ ਸੁਭਾ ਹੀ ਆਤਮ ਰੰਗ ਦੀ ਛੋਹ ਲੱਗ ਗਈ। ਸੀਸ ਗੁਰੂ ਚਰਨਾਂ ਤੇ ਆਪ ਮੁਹਾਰੇ ਜਾ ਲੱਗਾ। ਬੋਲਿਆ ਦਾਤਾ ਜੀ ! ਹੋ ਗਏ ਦਰਸ਼ਨ ਪਰਮਹੰਸਾਂ ਦੇ ਰਾਜਹੰਸ ਦੇ।

ਗੁਰੂ ਅੰਗਦ ਦੇਵ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਰੰਗ-ਰੱਤੇ ਭਾਈ ਪਾਰੋ ਜੀ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਲਈ ਹਰ ਦਿਨ ਆਉਂਦੇ ਅਤੇ ਕੁਝ ਸਮਾਂ ਗੁਰੂ ਸਾਹਿਬ ਦੀ ਸੰਗਤ ਵਿੱਚ ਰਹਿ ਕੇ ਦਿਨ ਢਲਦੇ ਆਪਣੇ ਪਿੰਡ ਡੱਲੇ ਵਾਪਸ ਚਲੇ ਜਾਂਦੇ। ਭਾਈ ਪਾਰੋ ਜੀ ਗੁਰਮੱਤ ਦੀ ਕਮਾਈ ਕਰਕੇ ਪਰਵਾਨ ਚੜ੍ਹੇ ਜਿਵੇਂ ਕਿ ਭਾਈ ਗੁਰਦਾਸ ਜੀ ਲਿਖਦੇ ਹਨ:

ਪਾਰੋ ਜੁਲਕਾ ਪਰਮਹੰਸੁ ਪੂਰੈ ਸਤਿਗੁਰ ਕਿਰਪਾ ਧਾਰੀ । (ਵਾਰ ੧੧, ਪਉੜੀ ੧੫)

ਆਪ ਜੀ ਤੋਂ ਪ੍ਰਭਾਵਿਤ ਹੋ ਕੇ ਇੱਕ ਜਰਨੈਲ ਨਵਾਬ ਵੀ ਗੁਰੂ ਦਰਸ਼ਨਾਂ ਨੂੰ ਆਇਆ ਅਤੇ ਭਾਈ ਪਾਰੋ ਜੀ ਦੀ ਤਰ੍ਹਾਂ ਪਰਵਾਨ ਚੜ੍ਹਿਆ।

(੪) ਫੌਜੀ ਜੀਵਨ ਵਾਲਾ ਮੱਲੂ ਸ਼ਾਹੀ ਇੱਕ ਸਿੱਖ ਗੁਰੂ ਅੰਗਦ ਦੇਵ ਜੀ ਦਾ ਜਸ ਸੁਣ ਕੇ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ, ਨਮਸਕਾਰ ਕਰਕੇ ਬੈਠ ਗਿਆ। ਮੌਕਾ ਦੇਖ ਕੇ ਗੁਰੂ ਜੀ ਕੋਲ ਆਇਆ ਅਤੇ ਬੇਨਤੀ ਕੀਤੀ ਕਿ ਮੁਗਲਾਂ ਦੀ ਨੌਕਰੀ ਕਰਦੇ ਹੋਏ ਉਹ ਚੰਗੀ ਰੋਜੀ ਕਮਾ ਲੈਂਦਾ ਹੈ। ਲੋਕ ਪਰਲੋਕ ਵਿੱਚ ਮੁੱਖ ਉੱਜਲਾ ਰਹੇ, ਇਸ ਲਈ ਚਿੱਤ

ਕਰਦਾ ਹੈ ਐਸੀ ਕਮਾਈ ਕਰਾਂ। ਕਿਰਪਾ ਕਰਕੇ ਆਪਣਾ ਉਪਦੇਸ਼ ਦੇਵੋ।

ਗੁਰੂ ਜੀ ਨੇ ਬਖਸ਼ਿਸ਼ ਕੀਤੀ ਅਤੇ ਸਮਝਾਇਆ ਹੇ ਭਾਈ ਮੱਲੂ ਸ਼ਾਹੀ ! ਹਿਰਦੇ ਅੰਦਰ ਸਮਝ ਲਵੋ ਕਿ ਇਹ ਦੇਹ ਸਦਾ ਨਹੀਂ ਰਹਿਣੀ ਅਤੇ ਆਤਮਾ ਨੂੰ ਹਮੇਸ਼ਾ ਸੱਚੀ ਜਾਣੋ ਜਿਸ ਨੂੰ ਅੱਗ ਸਾੜ ਨਹੀਂ ਸਕਦੀ, ਪਾਣੀ ਡੁਬੋ ਨਹੀਂ ਸਕਦਾ, ਹਵਾ ਡੁਲਾ ਨਹੀਂ ਸਕਦੀ ਅਤੇ ਸ਼ਸ਼ਤਰ ਕੱਟ ਨਹੀਂ ਸਕਦੇ।

ਕਾਲ ਸਭ ਨੂੰ ਨਾਸ਼ ਕਰ ਦਿੰਦਾ ਹੈ ਪਰ ਆਤਮਾ ਅਕਾਲ ਹੈ। ਜਗਤ ਨੂੰ ਸੁਪਨੇ ਸਮਾਨ ਜਾਣੋ। ਦੇਹੀ ਦਾ ਹੰਕਾਰ ਮਨ ਵਿੱਚੋਂ ਤਿਆਗ ਦੇਵੋ। ਨੇਕ ਕਮਾਈ ਵਿੱਚੋਂ ਦਸਵੰਧ ਦੇ ਕੇ ਸ੍ਰੇਸ਼ਟ ਕਰਮ ਕਰੋ। ਪਾਪ ਕਰਮ ਤੋਂ ਆਪਣੇ ਆਪ ਨੂੰ ਬਚਾ ਕੇ ਚਲੋ। ਗੁਰ ਬਾਣੀ ਦਾ ਪਾਠ ਕਰੋ ਅਤੇ ਵੀਚਾਰ ਕੇ ਅਮਲ ਕਰੋ। ਪਰਮਾਤਮਾ ਨੂੰ ਸਦਾ ਯਾਦ ਵਿੱਚ ਵਸਾ ਕੇ ਰੱਖੋ, ਨਾਮ ਅਭਿਆਸ ਦੀ ਕਮਾਈ ਕਰੋ ਅਤੇ ਪਰਮਾਤਮਾ ਨੂੰ ਸਦਾ ਸਹਾਈ ਸਮਝਦੇ ਰਹੋ।

ਜੋਧੇ ਪਿੱਠ ਨਹੀਂ ਦਿਖਾਉਂਦੇ। ਨਿਰਭੈ ਹੋ ਕੇ ਸ਼ਸਤਰ ਚਲਾਉਂਦੇ ਹਨ ਅਤੇ ਸ਼ਹੀਦੀ ਪ੍ਰਾਪਤ ਕਰਕੇ ਜੀਵਨ ਸਫਲਾ ਕਰਦੇ ਹਨ। ਸੋ ਬੀਰ ਰਸੀ ਸੂਰਮਾ ਕਦੇ ਕਾਇਰ ਨਾ ਬਣੇ। ਪਰਉਪਕਾਰ ਲਈ ਕਮਰਕੱਸੇ ਕਰੀ ਰੱਖੋ।

ਮੱਲੂ ਸ਼ਾਹੀ ਨੇ ਗੁਰ ਉਪਦੇਸ਼ ਕਮਾਇਆ ; ਕਿਰਤ ਕਮਾਈ ਵੰਡ ਕੇ ਖਾਂਦਾ, ਧਰਮ ਨੂੰ ਵੀਚਾਰਦਾ। ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ :

ਮਲੂਸਾਹੀ ਸੂਰਮਾ ਵਡਾ ਭਗਤੁ ਭਾਈ ਕੇਦਾਰੀ ।(ਭਾਈ ਗੁਰਦਾਸ ਜੀ, ਵ ੧੧, ਪ ੧੪)

(੫) ਭਾਈ ਕਿਦਾਰੀ ਗੁਰੂ ਜੀ ਕੋਲ ਆਇਆ ਅਤੇ ਮੌਕਾ ਮਿਲਣ ਤੇ ਗੁਰੂ ਜੀ ਕੋਲ ਬੈਠ ਗਿਆ। ਕੁਝ ਜਗਿਆਸਾ ਦੇ ਭਾਵ ਦੇਖ ਕੇ ਗੁਰੂ ਜੀ ਨੇ ਪੁੱਛਿਆ :- ਆ ਭਾਈ ਕੁਝ ਕਹਿਣਾ ਹੈ ? ਭਾਈ ਕਿਦਾਰੀ ਜੀ ਕਹਿਣ ਲੱਗੇ ਗੁਰੂ ਜੀ ਜਿਵੇ ਜੰਗਲ ਬੇਲਿਆਂ ਨੂੰ ਗਰਮੀ ਝੁਲਸਾ ਰਹੀ ਹੈ ਤਿਵੇਂ ਹੀ ਜਗਤ ਨੂੰ ਕਾਮ, ਕ੍ਰੋਧ, ਦਗੇ, ਫਰੇਬ ਦੀ ਅੱਗ ਲੱਗੀ ਹੋਈ ਹੈ। ਕਿਤੇ ਸੱਚਾ ਸੁੱਖ ਨਹੀਂ ਨਜ਼ਰ ਆਉਂਦਾ। ਕਿਰਪਾ ਕਰਕੇ ਮੈਨੂੰ ਆਪਣਾ ਆਸਰਾ ਦੇ ਕੇ ਬਚਾ ਲਵੋ।

ਗੁਰੂ ਜੀ ਨੇ ਪਹਿਲੇ ਪ੍ਰਸ਼ਨ ਕੀਤਾ ਅਤੇ ਕਿਹਾ ਭਾਈ ਕਿਦਾਰੂ ! ਜਦ ਜੰਗਲ ਵਿੱਚ ਅੱਗ ਫੈਲ ਰਹੀ ਹੁੰਦੀ ਹੈ ਤਾਂ ਜੀਵ ਜੰਤੂ ਆਪਣੇ ਬਚਾਅ ਲਈ ਕੀ ਕਰਦੇ ਹਨ ? ਕਿਦਾਰੂ ਜੀ ਕਹਿਣ ਲੱਗੇ ! ਦੌੜ ਕੇ ਨਜ਼ਦੀਕ ਪਾਣੀ ਦੇ ਸੋਮੇ ਨਦੀ, ਤਲਾਬ ਆਦਿਕ ਵਿੱਚ ਜਾ ਵੜਦੇ ਹਨ।

ਉਪਰੰਤ ਗੁਰੂ ਜੀ ਨੇ ਸਮਝਾਇਆ ਕਿ ਸੰਸਾਰ ਵਿੱਚ ਵਿਕਾਰਾਂ ਦੀ ਅੱਗ ਤੋਂ ਬਚਣ ਦਾ ਸਾਧਨ ਹੈ ਸਤਿਸੰਗ ਦੀ ਨਦੀ।ਸਤਿਸੰਗਤ ਵਿੱਚ ਸ਼ਰਧਾ ਨਾਲ ਆਉਣ ਨਾਲ ਹਿਰਦੇ ਵਿੱਚ ਠੰਢ ਪੈਂਦੀ ਹੈ।ਗੁਰਬਾਣੀ, ਕਥਾ, ਕੀਰਤਨ ਸੁਣਨ ਨਾਲ ਮਨ ਰੂਪੀ ਇਸ਼ਨਾਨ ਹੁੰਦਾ

ਹੈ। ਭਾਈ ਕਿਦਾਰੂ ਗੁਰੂ ਜੀ ਦੇ ਬਚਨ ਸੁਣ ਕੇ ਦ੍ਰਵ ਗਿਆ ਅਤੇ ਚਰਨੀ ਲੱਗ ਗਿਆ। ਨਾਮ ਦਾਨ ਦੀ ਬਖਸ਼ਿਸ਼ ਹੋ ਗਈ। ਸਤਿਗੁਰੂ ਜੀ ਨੇ ਸਮਝਾਇਆ:

ਆਤਸ ਦੁਨੀਆ ਖੁਨਕ ਨਾਮੁ ਖੁਦਾਇਆ ॥ (ਅੰਗ-੧੨੯੧)

(ਵਿਕਾਰਾਂ ਨਾਲ ਲਿਪਤ) ਦੁਨੀਆਂ ਅੱਗ ਸਮਾਨ ਹੈ। ਹੇ ਪ੍ਰਭੂ ਤੇਰਾ ਨਾਮ ਠੰਢ ਪਾਣ ਵਾਲਾ( ਵਿਕਾਰਾਂ ਤੋਂ ਬਚਾਉਣ ਵਾਲਾ) ਹੈ।

ਭਾਈ ਕਿਦਾਰੂ ਨਾਮ ਕਮਾਈ ਵਿੱਚ ਜੁੱਟ ਗਿਆ ਅਤੇ ਉੱਚ ਕੋਟੀ ਦਾ ਗੁਰਮੁਖ ਹੋਇਆ ਅਤੇ ਜਿਵੇਂ ਕਿ ਉੱਪਰ ਲਿਖਿਆ ਹੈ ਭਾ: ਗੁਰਦਾਸ ਜੀ ਨੇ ਚੋਣਵੇਂ ਸਿੱਖਾਂ ਬਾਰੇ ਲਿਖਦਿਆਂ ਭਾਈ ਕਿਦਾਰੂ ਦਾ ਨਾਮ ਵੀ ਆਪਣੀ ਵਾਰ (੧੧/੧੫) ਵਿੱਚ ਦਿੱਤਾ ਹੈ।

(੬) ਭਾ: ਜੀਵਾ ਹਮੇਸ਼ਾ ਹੀ ਨਿੱਘੀ ਸ਼ਰਧਾ ਭਾਵਨਾ ਨਾਲ ਗੁਰੂ ਅੰਗਦ ਦੇਵ ਜੀ ਦੀ ਸੇਵਾ ਵਿੱਚ ਤਤਪਰ ਰਹਿੰਦਾ ਸੀ।ਇੱਕ ਦਿਨ ਬੜੀ ਭਾਰੀ ਹਨੇਰੀ ਚੱਲ ਰਹੀ ਸੀ ਜਿਸ ਕਾਰਨ ਗੁਰੂ ਜੀ ਨੂੰ ਭੋਜਨ ਪਰੋਸਣ ਦਾ ਸਮਾਂ ਨਿਕਲਦਾ ਜਾ ਰਿਹਾ ਸੀ। ਭਾਈ ਜੀਵਾ ਨੇ ਗੁਰੂ ਜੀ ਅੱਗੇ ਬੇਨਤੀ ਕੀਤੀ ਕਿ ਜੇ ਆਪ ਜੀ ਬਚਨ ਕਰੋ ਤਾਂ ਹਨੇਰੀ ਹਟ ਜਾਵੇਗੀ। ਗੁਰੂ ਜੀ ਨੇ ਉਸ ਦੇ ਇਹ ਬੋਲ ਸੁਣ ਕੇ ਸਮਝਾਇਆ :

ਭਾ: ਜੀਵਾ ! ਅਜਿਹਾ ਮਨੋਰਥ ਕਦੀ ਨਹੀਂ ਕਰਨਾ ਚਾਹੀਦਾ ਜਿਸ ਦੇ ਕਰਨ ਨਾਲ ਸਿਰ ਤੇ ਭਾਰੀ ਦੋਸ਼ ਚੜ੍ਹਾ ਲਈਏ। ਪ੍ਰਭੂ ਨੇ ਇਹ ਜੋ ਹਵਾ ਚਲਾਈ ਹੈ, ਇਸ ਨਾਲ ਬਹੁਤ ਕਾਰਜ ਸਵਰਨੇ ਹਨ। ਸਮੁੰਦਰ ਵਿੱਚ ਜੋ ਬਹੁਤ ਸਾਰੇ ਜਹਾਜ ਚਲਦੇ ਹਨ ਉਹ ਹਵਾ ਦੇ ਆਸਰੇ ਨਾਲ ਮੰਜ਼ਲ ਤੇ ਪਹੁੰਚਦੇ ਹਨ ਅਤੇ ਕਈਆਂ ਦੀ ਰੋਜੀ ਇਸ ਸਹਾਰੇ ਨਾਲ ਚੱਲਦੀ ਹੈ। ਧਰਤੀ ਤੇ ਕਈ ਜਗਹ ਮਿੱਟੀ ਉਡ ਕੇ ਜਾਂਦੀ ਹੈ ਜੋ ਜੀਵ ਜੰਤੂਆਂ ਦਾ ਆਹਾਰ ਬਣਦੀ ਹੈ। ਅਸੀ ਪ੍ਰਭੂ ਦੀ ਇਸ ਰਚਨਾ ਵਿੱਚ ਕਿਵੇਂ ਬਾਧਾ ਪਾ ਸਕਦੇ ਹਾਂ। ਭੋਜਨ ਚਾਰ ਘੜੀਆਂ ਬਾਅਦ ਵੀ ਖਾਧਾ ਜਾ ਸਕਦਾ ਹੈ।ਸਦਾ ਹੀ ਪ੍ਰਭੂ ਦੇ ਹੁਕਮ ਵਿੱਚ ਰਹਿਣਾ ਚਾਹੀਦਾ ਹੈ। ਪਰਮੇਸਰ ਦਾ ਨਾਮ ਜਪੋ ਅਤੇ ਰਜਾ ਵਿੱਚ ਰਾਜ਼ੀ ਰਹੋ :

ਤਿਸੁ ਸਿਉ ਕੈਸਾ ਬੋਲਣਾ ਜਿ ਆਪੇ ਜਾਣੈ ਜਾਣੁ ॥ (ਅੰਗ-੧੨੩੯)

(ਜੋ ਅੰਤਰਜਾਮੀ ਪ੍ਰਭੂ ਆਪ ਹੀ ਸਭ ਦੇ ਦਿਲ ਦੀ ਜਾਣਦਾ ਹੈ ਉਸ ਦੇ ਅੱਗੇ ਬੋਲਣ ਦੀ ਕੀ ਲੋੜ ਹੈ।)

ਸਚੇ ਤੇਰੇ ਕਰਣੇ ਸਰਬ ਬੀਚਾਰ ॥ ਸਚਾ ਤੇਰਾ ਅਮਰੁ ਸਚਾ ਦੀਬਾਣੁ ॥
ਸਚਾ ਤੇਰਾ ਹੁਕਮੁ ਸਚਾ ਫੁਰਮਾਣੁ ॥ (ਅੰਗ-੪੬੩)

(ਹੇ ਪ੍ਰਭੂ ! ਤੇਰੇ ਸਭ ਕਰਮ ਅਤੇ ਵਿਚਾਰਾਂ ਅਟੱਲ ਹਨ। ਤੇਰੀ ਪਾਤਸ਼ਾਹੀ, ਤੇਰਾ ਦਰਬਾਰ ਵੀ ਅਟੱਲ ਹਨ ਅਤੇ ਤੇਰੀਆਂ ਬਖਸ਼ਿਸ਼ਾਂ ਸਦਾ ਲਈ ਕਾਇਮ ਰਹਿਣ ਵਾਲੀਆਂ। ਤੇਰਾ ਸ਼ਾਹੀ ਫੁਰਮਾਨ ਵੀ ਅਟੱਲ ਹੈ।)

ਉੱਪਰ ਲਿਖੇ ਛੇ ਗੁਰਸਿੱਖਾਂ ਦੀ ਜਗਿਆਸਾ ਜਿਸ ਤਰ੍ਹਾਂ ਗੁਰੂ ਸਾਹਿਬ ਨੇ ਸ਼ਾਂਤ ਕੀਤੀ, ਉਸ ਤੱਤ ਵਿਚਾਰ ਦਾ ਸਾਰ ਹੈ ਕਿ ਧਰਮ ਦੀ ਕਿਰਤ ਕਰੋ ਅਤੇ ਆਏ ਗਏ ਗੁਰਸਿੱਖਾਂ ਦੀ ਪਿਆਰ ਭਾਵਨਾ ਨਾਲ ਯਥਾ ਸ਼ਕਤੀ, ਟਹਿਲ ਸੇਵਾ ਕਰੋ। ਮੁਸ਼ਕਲ ਸਮੇਂ ਗੁਰੂ ਦੇ ਸਿੱਖਾਂ ਦੀ, ਦਇਆ ਭਾਵਨਾ ਨਾਲ ਆਪਣੀ ਸਮਰੱਥਾ ਅਨੁਸਾਰ ਮਦਦ ਕਰੋ।

ਗੁਰੂ ਪਿਆਰੇ ਮਨਮਤਿ ਤਿਆਗ ਕੇ ਗੁਰੂ ਦੀ ਬਖਸ਼ੀ ਗੁਰਮਤਿ ਅਪਨਾਉਂਦੇ ਹਨ ਅਤੇ ਅਵਗੁਣ ਤਿਆਗ ਕੇ ਗੁਣ ਗ੍ਰਹਿਣ ਕਰਦੇ ਹਨ। ਹਮੇਸ਼ਾ ਗੁਰ-ਪਰਮੇਸ਼ਰ ਨੂੰ ਅੰਗ ਸੰਗ ਸਮਝਦੇ ਹਨ। ਨਾਮ ਦੇ ਧਾਰਣੀ ਬਣ ਕੇ ਗੁਰੂ ਰੂਪੀ ਗਿਆਨ ਸਾਗਰ ਵਿੱਚੋ ਬ੍ਰਹਮ ਗਿਆਨ ਦੇ ਮੋਤੀ ਚੁਗਦੇ ਹਨ। ਗੁਰ ਪਰਮੇਸ਼ਰ ਦੀ ਬਖਸ਼ਿਸ਼ ਪ੍ਰਾਪਤ ਕਰਕੇ, ਨਾਮ ਕਮਾਈ ਦੁਆਰਾ, ਉੱਤਮ ਪਦਵੀ ਪ੍ਰਾਪਤ ਕਰਦੇ ਹਨ।ਦੇਹੀ ਦਾ ਹੰਕਾਰ ਨਹੀ ਕਰਦੇ, ਨੇਕ ਕਮਾਈ ਵਿੱਚੋ, ਭਲੇ ਕਾਰਜਾਂ ਲਈ ਦਸਵੰਧ ਰਾਹੀਂ ਯੋਗਦਾਨ ਪਾਉਂਦੇ ਹਨ। ਸੂਰਮੇ ਰਣਤੱਤੇ ਵਿੱਚ, ਦੇਸ਼,ਕੌਮ ਅਤੇ ਧਰਮ ਰੱਖਿਆ ਲਈ ਸੀਸ ਭੇਟ ਕਰਨ ਤੋਂ ਥਿੜਕਦੇ ਨਹੀ ਬਲਕਿ ਖੁਸ਼ੀ ਖੁਸ਼ੀ ਕੁਰਬਾਨ ਹੋ ਜਾਂਦੇ ਹਨ।

-o-o-o-

## ਵੱਡੇ ਘਲੂਘਾਰੇ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਕਿਵੇਂ ਸੰਭਾਲੀ

(ਪੰਨਾ ੨੩ ਦਾ ਬਾਕੀ)

ਪਿੰਡ ਦਕੋਹਾ ਵਿਚੋਂ ਬਾਬਾ ਜੀ ਦੇ ਸਾਕ ਸਬੰਧੀਆਂ ਬਾਰੇ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੋਈ। ਬਾਬਾ ਸੁਧਾ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਸ.ਕਰਮ ਸਿੰਘ ਜੀ ਨੇ ਮਿਸਲ ਸ਼ਹੀਦਾਂ ਦੇ ਜੱਥੇਦਾਰੀ ਸੰਭਾਲੀ। ਬਾਬਾ ਸੁਧਾ ਸਿੰਘ ਜੀ ਅਤੇ ਹੋਰ ੧੯ ਸਿੰਘਾਂ ਦੀ ਸ਼ਹੀਦੀ ਦਾ ਯਾਦਗਾਰੀ ਸਮਾਗਮ ਹਰੇਕ ਸਾਲ ਮਾਘ ਸੁਦੀ ਦਸਵੀਂ ਨੂੰ ਗੁਰਦੁਆਰਾ ਸਹੀਦੀ ਪਿੰਡ ਕੁਠਾਲਾ ਵਿਖੇ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ। ਇਸੇ ਤਰ੍ਹਾਂ ਵੱਡੇ ਘਲੂਘਾਰੇ ਦੇ ਸਹੀਦਾਂ ਦੀ ਯਾਦ ੫ ਫਰਵਰੀ ਕੁਪ ਰਹੀੜਾ, ੭ ਫਰਵਰੀ ਕੁਪ ਕਲਾਂ, ੧੧ ਫਰਵਰੀ ਗਹਿਲਾਂ, ੧੨ ਫਰਵਰੀ ਹਠੂਰ ਵਿਖੇ ਸੰਗਤਾਂ ਮਨਾਉਂਦੀਆਂ ਹਨ। ਇਨ੍ਹਾਂ ਥਾਵਾਂ ਤੇ ਯਾਦਗਾਰੀ ਗੁਰਦੁਆਰੇ ਕਾਇਮ ਹਨ ਅਤੇ ਕੁੱਪ ਰਹੀੜਾ ਵਿੱਚ ਪੰਜਾਬ ਸਰਕਾਰ ਵਲੋਂ ਉਸਾਰੀ ਗਈ ਸ਼ਹੀਦੀ ਯਾਦਗਾਰ ਵੀ ਕਾਇਮ ਹੈ। ਸਾਨੂੰ ਇਨ੍ਹਾਂ ਮਰਜੀਵੜੇ ਸਿੰਘਾਂ ਦੀ ਕੁਰਬਾਨੀ ਤੇ ਮਾਣ ਹੋਣਾ ਚਾਹੀਦਾ ਹੈ ਅਤੇ ਕੌਮ ਦੀ ਸੇਵਾ ਕਰਨ ਦਾ ਉਤਸ਼ਾਹ ਉਜਾਗਰ ਹੋਣਾ ਚਾਹੀਦਾ ਹੈ।

-o-o-o-

# ਗੁਰ-ਬਾਣੀ ਦਾ ਸਤਿਕਾਰ

ਸਤਵੇਂ ਪਾਤਸ਼ਾਹ ਜਗਤ ਉਧਾਰ ਕਰਦੇ, ਪਰਤ ਉਹ ਕੀਰਤਪੁਰ ਨੂੰ ਆਏ ਹੈਸਨ।
ਚਿਰਾਂ ਤੋਂ ਸੰਗਤਾਂ ਸਨ ਤਰਸ ਰਹੀਆਂ, ਸਭਨਾ ਆਕੇ ਦਰਸਨ ਪਾਏ ਹੈਸਨ।
ਦੂਰੋ-ਨੇੜਿਓਂ ਸੰਗਤਾਂ ਫਿਰ ਆਉਣ ਲੱਗੀਆਂ, ਹਰ-ਰੋਜ਼ ਦਰਬਾਰ ਪਏ ਲਗਦੇ ਨੇ।
ਜੀਵਨ-ਜੁਗਤ ਦੀ ਸੇਧ ਦੇਣ ਦੇ ਲਈ, ਸਤਿਗੁਰੂ ਵਿੱਚ ਦਰਬਾਰ ਦੇ ਸਜਦੇ ਨੇ।

ਇੱਕ ਦਿਨ ਸਮਾਂ ਦੁਪਹਿਰ ਦਾ ਗੁਰੂ ਸਤਵੇਂ, ਆਪਣੇ ਕਮਰੇ ਅੰਦਰ ਆਰਾਮ ਫੁਰਮਾ ਰਹੇ ਸੀ।
ਹਰ ਰੋਜ ਵਾਂਗ ਦੂਰੋਂ-ਨੇੜਿਓ ਚਲ ਕੇ, ਜਥੇ ਸੰਗਤਾਂ ਦੇ ਦਰਸ਼ਨਾ ਨੂੰ ਆ ਰਹੇ ਸੀ।
ਆਪਣੀ ਧੁਨ ਅੰਦਰ ਸ਼ਰਧਾ ਦੇ ਨਾਲ, ਬਾਹਰੋਂ ਜੱਥਾ ਗੁਰਬਾਣੀ ਕੀਰਤਨ ਕਰੀ ਆ ਰਿਹਾ ਸੀ।
ਜਿਹੜਾ ਸੁਣਦਾ ਸੀ ਉਹ ਅਵਾਜ਼, ਮਸਤੀ ਵਿੱਚ ਝੂਮਦਾ ਜਾ ਰਿਹਾ ਸੀ।

ਲੇਟੇ ਪਏ ਗੁਰਾਂ ਦੇ ਕੰਨੀ ਪਿਆ, ਝੱਟ ਉਠ ਕੇ ਆਦਰ ਉਹ ਕਰਨ ਲਗੇ।
ਕਾਹਲੀ ਅੰਦਰ ਛੱਡ ਉਹ ਪਲੰਘ ਤਾਈਂ, ਥੱਲੇ ਜ਼ਮੀਨ ਤੇ ਪੈਰ ਸੀ ਧਰਨ ਲਗੇ।
ਅਚਨ-ਚੇਤ ਸਰੀਰ ਥੋੜਾ ਡੋਲ ਗਿਆ, ਗੋਡਾ ਉਹਨਾ ਦਾ ਪਾਵੇ ਨਾਲ ਟਕਰਾ ਗਿਆ।
ਚੋਟ ਬਾਹਰਲੀ ਤਾਂ ਭਾਵੇਂ ਨਹੀਂ ਲੱਗੀ, ਅੰਦਰ ਸਰੀਰ ਦੇ ਦੁੱਖ ਪਹੁੰਚਾ ਗਿਆ।

ਸਜਿਆ ਜਦੋਂ ਦੀਵਾਨ ਫਿਰ ਸੰਧਿਆ ਦਾ, ਸਤਿਗੁਰ ਵਿੱਚ ਦਰਬਾਰ ਦੇ ਆਏ ਹੈਸਨ।
ਘਟਨਾ ਵਾਪਰੀ ਸੀ ਜੋ ਦੁਪਹਿਰ ਵੇਲੇ, ਸਿੱਖਾਂ ਸਤਿਗੁਰ ਤੇ ਸੁਆਲ ਪਾਏ ਹੈਸਨ।
ਕਾਹਨੂੰ ਸਤਿਗੁਰੋ ਤੁਸੀਂ ਕਾਹਲ ਕੀਤੀ, ਥੋੜਾ ਸਹਿਜ ਨਾਲ ਤੁਸੀਂ ਉਠ ਜਾਂਦੇ।
ਜੋ ਵਾਪਰਿਆ ਉਹ ਤਾਂ ਨਾਹ ਘਟਦਾ, ਸਰੀਰਕ ਕਸ਼ਟ ਤੇ ਤਾਂ ਤੁਸੀਂ ਬੱਚ ਜਾਂਦੇ।

ਤੁਸੀਂ ਕ੍ਰਿਪਾ ਕਰੋ, ਆਦਰ ਸਤਿਕਾਰ ਬਾਰੇ, ਅਲਪੱਗ ਜੀਵ ਹਾਂ ਕੁਝ ਸਮਝਾ ਦੇਵੋ।
ਬਾਣੀ ਅਤੇ ਗੁਰੂ 'ਚ ਕੀ ਸੁਮੇਲ ਹੈ ਸਤਿਗੁਰ, ਇਸ ਬਾਰੇ ਸਾਡੇ ਪੱਲੇ ਕੁਝ ਪਾ ਦੇਵੋ।
ਬੇਨਤੀ ਸੁਣ ਕੇ ਸਿੱਖਾਂ ਦੀ ਗੁਰੂ ਸਤਵੇਂ, ਕੁਝ ਕਰਿ ਕੇ ਸਾਂਝ ਸੀ ਪਾਉਣ ਲਗੇ।
ਵੱਡੇ ਗੁਰੂਆਂ ਨੇ ਜੋ ਸੀ ਸੇਧ ਦਿੱਤੀ, ਸਿਖਾਂ ਤਾਂਈ ਉਹ ਕਹਿ ਸੁਣਾਉਣ ਲਗੇ।

ਗੁਰੂ-ਬਾਣੀ ਦਾ, ਆਦਰ ਸਤਿਕਾਰ ਕਰਨਾ, ਫ਼ਰਜ਼ ਸਭਨਾ ਦਾ, ਤੇ ਹੈ ਮੇਰਾ ਸਿੱਖੋ।
ਉਹੀ ਇਸ ਦੀਆਂ ਰਮਜਾਂ ਨੂੰ ਸਮਝਦਾ ਏ, ਧੁਰ ਤੋਂ ਜਿਸ ਦੇ ਕਰਮਾਂ 'ਚ ਲਿਖੇਰਾ ਸਿੱਖੋ।
ਜੋ ਇਸ ਦਾ ਨਿਰਾਦਰ ਤੇ ਹੇਰ-ਫੇਰ ਕਰਦੈ, ਉਸ ਦਾ ਸਮਝੋ ਭਾਗ ਮੰਦੇਰਾ ਸਿੱਖੋ।
ਜੋ ਬਾਣੀ ਨੂੰ ਗੁਰੂ ਦਾ ਰੂਪ ਸਮਝੇ 'ਸਚਦੇਵਾ', ਉਸ ਦਾ ਸਮਝੋ ਭਾਗ ਚੰਗੇਰਾ ਸਿੱਖੋ।

-ਸ.ਹਰਜਿੰਦਰ ਸਿੰਘ, ਸਚਦੇਵਾ, ਮੋ : 98769-34244

# ਸੰਸਥਾ ਦੇ ਕਾਰਜਾਂ ਲਈ ਸੰਗਤਾਂ ਵਲੋਂ ਜਨਵਰੀ-2024 ਵਿੱਚ ਆਈ ਸਹਾਇਤਾ।

**ਆਨ ਲਾਇਨ** : ਬੀਬੀ ਪ੍ਰਵੀਨ ਕੌਰ ੧੦੦੦/-, ਸ.ਲਾਜਵੰਤ ਸਿੰਘ ੨੦੦/-, ਸੂਬੇਦਾਰ ਪਿਆਰਾ ਸਿੰਘ ਸੋਹਾਣਾ ੧੦੦੧੦੦/-, ਸ.ਅਮਨਦੀਪ ਸਿੰਘ ੫੦੦/-, ਸ.ਤਲਵਿੰਦਰ ਸਿੰਘ ੧੦੦੦/-, ਸ.ਗੁਰਸ਼ਰਨ ਸਿੰਘ ੨੫੦/-, ਸ.ਅਜਮੇਰ ਸਿੰਘ ੧੦੦੦/-, ਸ.ਗੁਰਪ੍ਰੀਤ ਸਿੰਘ ੧੧੦੦/-, ਪਾਇਨੀਅਰ ਇਲੈਕਟ੍ਰੀਕਲ ੨੫੧/-, ਸ੍ਰੀ.ਐਮ.ਐਸ. ਖੇਲ ੩੦੦/-, ਸ.ਗੁਰਦੀਪ ਸਿੰਘ ੭੦੦/-, ਸ.ਪਿਆਰਾ ਸਿੰਘ ੧੦੦/-, ਸ.ਇੰਦਰਪਾਲ ਸਿੰਘ ੫੦੦/-, ਆਨ ਲਾਇਨ : ਗੁਪਤ ੧੯੦੦+੧੦੦੦+੧੧੦੦/-, **ਜਨਰਲ** : ਬੀਬੀ ਜਸਭਿੰਦਰ ਕੌਰ ੫੦੦੦/-, ਸ.ਬਲਵਿੰਦਰ ਸਿੰਘ ੧੦੦੦/-, ਸ.ਬਲਦੇਵ ਸਿੰਘ ਪੰਛੀ ੧੦੦੦/-, ਸ.ਨਰਿੰਦਰ ਸਿੰਘ ੫੦੦/-, ਸ.ਜਸਵਿੰਦਰ ਸਿੰਘ ੫੦੦/-, ਸ.ਸੁਰਜੀਤ ਸਿੰਘ ੫੦੦੦/-, ਸ.ਤੇਜਵੰਤ ਸਿੰਘ ੫੦੦/-, ਸ.ਗੁਲਜਾਰ ਸਿੰਘ ੧੦੦੦/-, ਸ.ਪਰਮਜੀਤ ਸਿੰਘ ੧੩੦/-, ਸ.ਸਵਰਨ ਸਿੰਘ ੨੦੦੦/-, ਸ.ਕਰਨੈਲ ਸਿੰਘ ੧੦੦੦/-, ਸ.ਦਲਜੀਤ ਸਿੰਘ ੫੦੦/-, ਕੋਠੀ ਨੰ.੧, ਫੇਜ ੩ ਏ ੨੦੦/-, ਸ.ਜੋਗਿੰਦਰ ਸਿੰਘ ੫੦੦/-, ਗੁਪਤ ੨੦੦/-, ਸ.ਪਰਮਜੀਤ ਸਿੰਘ ੧੫੦੦/-, ਸ੍ਰੀ.ਪ੍ਰਵੀਨ ਜੀ ੫੦੦/-, ਸ.ਨਰਿੰਦਰ ਸਿੰਘ ੫੦੦/-, ਸ.ਸਤਪਾਲ ਸਿੰਘ ੫੦੦/-, ਸ.ਬਲਬੀਰ ਸਿੰਘ ੧੦੦੦/-, ਸ.ਤਾਰਾ ਸਿੰਘ ੫੦੦੦/-, **ਮੋਹਾਲੀ : ਸ.ਬਲਦੇਵ ਸਿੰਘ ਫੇਜ ੩ਬੀ੨ ਰਾਹੀਂ** : ਸ.ਸਮਸ਼ੇਰ ਸਿੰਘ ੧੦੦/-, ਬੀਬੀ ਜਗਦੀਸ਼ ਕੌਰ ੧੦੦/-, **ਸ.ਬਰਿੰਦਰ ਸਿੰਘ ਫੇਜ ੧੧ ਰਾਹੀਂ** : ਸ.ਗੁਰਦਿਆਲ ਸਿੰਘ ੧੦੦/-, ਸ.ਤੇਜਪਾਲ ਸਿੰਘ ੧੦੦/-, ਸ.ਪ੍ਰਭਕਿਰਤਨ ਸਿੰਘ ੧੦੦/-, ਜਗਜੀਤ ਕੈਮਿਸਟ ੧੦੦/-, ਸ.ਅਮਰਜੀਤ ਸਿੰਘ ੧੦੦-, ਸ.ਤਰਸੇਮ ਸਿੰਘ ੫੦/-, ਜਨਤਾ ਆਟਾ ਚੱਕੀ ੧੦੦/-, ਸ.ਇੰਦਰ ਸਿੰਘ ੧੦੦/-, ਸ.ਭਗਵੰਤ ਸਿੰਘ ੧੦੦/-, ਮੇਜਰ ਮੇਹਰ ਸਿੰਘ ੨੫੦/-, ਕੈਪਟਨ ਜਸਵੰਤ ਸਿੰਘ ੨੫੦/-, ਸ.ਸੁੱਚਾ ਸਿੰਘ ੫੦/-, ਸ.ਕੁਲਦੀਪ ਸਿੰਘ ੧੦੦/-, **ਸ.ਗੁਰਰਮੀਤ ਸਿੰਘ ਸੈਕਟਰ ੭੯ ਰਾਹੀਂ** : ਸ.ਗੁਰਮੀਤ ਸਿੰਘ ੧੦੦੦/-, ਸ੍ਰੀ ਰਾਮਦਾਸ ੧੦੦/-, ਸ.ਐਮ.ਪੀ.ਸਿੰਘ ੫੦੦/-, ਸ੍ਰੀ.ਐਚ.ਐਸ.ਰੱਖੜਾ ੧੦੦/-, ਸ.ਰੁਪਿੰਦਰ ਸਿੰਘ ੧੦੦/-, **ਚੰਡੀਗੜ੍ਹ : ਸ.ਸੁਖਦੇਵ ਸਿੰਘ ਸੈਕਟਰ ੨੩ ਰਾਹੀਂ** : ਸ੍ਰੀ.ਪ੍ਰਵੀਨ ਜੀ ੫੦੦/-, **ਸ.ਅਵਤਾਰ ਸਿੰਘ ਸੈਕਟਰ ੩੭ ਰਾਹੀਂ** : ਸ.ਜਸਵੀਰ ਸਿੰਘ ੨੦੦/-, ਸ.ਗੁਰਬਚਨ ਸਿੰਘ ੨੧੦੦/-, ਸ.ਸਰਬਜੀਤ ਸਿੰਘ ੧੦੦/-, ਸ.ਅਮਰਜੀਤ ਸਿੰਘ ੧੦੦/-, ਸ.ਰਾਜਿੰਦਰ ਸਿੰਘ ੧੦੦/-, ਗੁਪਤ ੫੦੦/-, **ਸ.ਰਘਬੀਰ ਸਿੰਘ ਸੈਕਟਰ ੩੭-੩੮ ਰਾਹੀਂ** : ਸ.ਹਰਬੰਸ ਸਿੰਘ ੧੦੦/-, ਸ੍ਰੀ.ਆਰ.ਐਸ.ਤਿਵਾਰੀ ੫੦/-, ਸ੍ਰੀ.ਪੀ.ਐਸ.ਮਦਾਨ ੫੦/-, ਸ.ਸੁਮੀਤ ਸਿੰਘ ੫੦੦/-, ਸ.ਸੋਹਨ ਸਿੰਘ ੨੦੦/-, ਸ੍ਰੀ.ਐਚ.ਐਸ.ਸਿੱਧੂ ੫੦੦/-, ਸ.ਸਾਧੂ ਸਿੰਘ ੨੦੦/-, ਸ੍ਰੀ.ਜੇ.ਐਮ.ਐਸ.ਜੱਗੀ ੧੦੦/-, ਸ.ਹਰਪ੍ਰੀਤ ਸਿੰਘ ੧੦੦੦/-, ਗੁਪਤ ੫੦੦+੧੦੦/-, ਸ.ਰੁਘਬੀਰ ਸਿੰਘ ੨੦੦/-, **ਸ.ਸੁਖਬੰਸ ਸਿੰਘ ਸੈਕਟਰ ੩੮ ਰਾਹੀਂ** : ਬੀਬੀ ਇੰਦਰਦੀਪ ਕੌਰ ੧੦੦੦/-, ਸ.ਸੁਖਬੰਸ ਸਿੰਘ ੫੦੦/- , **ਸ.ਹਰਜਿੰਦਰ ਸਿੰਘ ਸੈਕਟਰ ੪੬ ਰਾਹੀਂ** : ਬੀਬੀ ਦਲਜੀਤ ਕੌਰ ੫੦/-, ਸ.ਅਵਤਾਰ ਸਿੰਘ ੧੦੦/-, ਸ੍ਰੀ.ਸ਼ਰਮਾ ਜੀ ੧੦੦/-, ਸ੍ਰੀ ਗੁਲਾਟੀ ਜੀ ੧੦੦/-, ਸ.ਹਰਜਿੰਦਰ ਸਿੰਘ ੬੫੦/-, **ਸ.ਮਨਿੰਦਰ ਸਿੰਘ ੪੧/੧੯/੨੧ ਰਾਹੀਂ** : ਬੀਬੀ ਦਰਸ਼ਨ ਕੌਰ ੫੦੦/-, ਸ.ਬਲਵੰਤ ਸਿੰਘ ੫੦੦/-, ਸ.ਕੁਲਬੀਰ ਸਿੰਘ ੫੦/-, ਸ.ਗੁਰਮੀਤ ਸਿੰਘ ੧੦੦/- , ਸ.ਗੁਰਬਖਸ਼ ਸਿੰਘ ੫੦੦/-, ਬੀਬੀ ਰਵਿੰਦਰ ਕੌਰ ੨੦੦/-, ਸ.ਜਸਵੰਤ ਸਿੰਘ ੫੦੦-, ਸ.ਮਲਕੀਅਤ ਸਿੰਘ ੧੦੦/-, ਬੀਬੀ ਇਕਬਾਲ ਸਿੰਘ ੨੦੫/-, ਡਾ.ਰਵਿੰਦਰ ਕੌਰ ੧੦੦੦/-, **ਸ.ਹਰਦੀਪ ਸਿੰਘ ਚੰਡੀਗੜ੍ਹ ਅਤੇ ਮੋਹਾਲੀ ਰਾਹੀਂ**: ਸ.ਹਰਿੰਦਰ ਸਿੰਘ੫੦੦/-, ਸੇਠੀ ਪਰਿਵਾਰ ੧੦੦/- ੦, ਸ.ਨਗੀਨਾ ਸਿੰਘ ੫੦/-, ਸ.ਮੋਹਨ ਸਿਘ ੧੦੦/-, ਸ.ਅਲਬੇਲ ਸਿੰਘ ੧੦੦/-, ਸ.ਸਤਬੀਰ ਸਿੰਘ ੫੦੦/-, ਬੀਬੀ ਮਨਜੀਤ ਕੌਰ ੨੦੦/-, ਸ.ਸੁਰਜੀਤ ਸਿੰਘ ੫੦/-, ਸ੍ਰੀ.ਵਾਈ.ਪੀ.ਐਸ.ਆਲੂਵਾਲੀਆ ੨੦੦/-, ਬੀਬੀ ਅਨੁਦੀਪ ਕੌਰ ੧੦੦੦/-, ਸ.ਸਰਦੂਲ ਸਿੰਘ ੧੦੦/-, ਬੀਬੀ ਜਸਪ੍ਰੀਤ ਕੌਰ ੫੧/-, ਬੀਬੀ ਗੁਰਦੀਪ ਸਿੰਘ ੨੦੦/-, ਸਡਾਣਾ ਜਨਰਲ ਸਟੋਰ ੫੦੦/-, ਸ.ਸਿਵਦੇਵ ਸਿੰਘ ੫੦੦/-, ਬੀਬੀ ਹਰਬੰਸ ਕੌਰ ੫੦੦/-, ਬੀਬੀ ਸਿੰਦਰਪਾਲ ਕੌਰ ੨੦੦/-, ਸ.ਬਲਵੰਤ ਸਿੰਘ ੧੦੦/-, ਸ.ਗੁਰਦਿਆਲ ਸਿੰਘ ੫੦/-, ਬੀਬੀ ਮਨਜੀਤ ਕੌਰ ੫੦/-, ਸ.ਸਤਬੀਰ ਸਿੰਘ

੧੦੦/-, ਬੀਬੀ ਗੁਰਦੀਪ ਕੌਰ ੧੦੦੦/-, ਬੀਬੀ ਜਸਪ੍ਰੀਤ ਕੌਰ ੫੦੦/-, **ਸ.ਮਨਜੀਤ ਸਿੰਘ ਮੋਹਾਲੀ ਰਾਹੀਂ** : ਸ.ਸੁਖਦੇਵ ਸਿੰਘ ੨੦/-, ਮਜੈਸਟਿਕ ਪ੍ਰਿੰਟਿੰਗ ਪ੍ਰੈਸ ੧੦੦੦/-, ਸ.ਜਸਵੰਤ ਸਿੰਘ ੫੦੦/-, ਬੀਬੀ ਹਰਿੰਦਰ ਕੌਰ ੧੦੦/-, ਗੁਪਤ ੧੦/-, ਸ.ਸੁਖਪਾਲ ਸਿੰਘ ੧੦੦/-, ਸ.ਗੁਰਵਿੰਦਰ ਸਿੰਘ ੫੦੦/-, ਬੀਬੀ ਪਰਮਜੀਤ ਕੌਰ ੧੦੦/-, ਸ.ਭੁਪਿੰਦਰ ਸਿੰਘ ੨੦੦/-, ਬੀਬੀ ਪਰਮਜੀਤ ਕੌਰ ੧੦੦/-, ਸ.ਮਸਤ ਸਿੰਘ ੫੦/-, # ਆਰ ੧੫/੭੪=੧੦੦/-, ਸ.ਮਨਦੀਪ ਸਿੰਘ ੧੦੦/-, ਸ੍ਰੀ.ਕੇ.ਪੀ.ਸਿੰਘ ੧੦੦/-, ਸ.ਅਵਤਾਰ ਸਿੰਘ ੧੦੦/-, ਸ.ਸਰਬਜੀਤ ਸਿੰਘ ੧੦੦/-, ਸ.ਬਲਦੇਵ ਸਿੰਘ ੨੦/-, ਸ.ਰਣਬੀਰ ਸਿੰਘ ੧੦੦/-, ਸ.ਜਸਵਿੰਦਰ ਸਿੰਘ ੨੦੦/-, ਸ੍ਵਰਗਵਾਸੀ ਸੁਰਜੀਤ ਸਿੰਘ ੨੦੦/-, ਸ.ਮਨਿੰਦਰ ਸਿੰਘ ੧੦੦/-, ਸ.ਗੁਰਦੇਵ ਸਿੰਘ ੫੦/-, ਸ.ਹਰਜੀਤ ਸਿੰਘ ੨੦੦/-, ਸ.ਹਰਿੰਦਰ ਸਿੰਘ ੨੦੦/-, ਸ.ਸੁਰਜੀਤ ਸਿੰਘ ੧੦੦੦/-, ਸ.ਕਰਨੈਲ ਸਿੰਘ ੧੦੦/-, ਸ.ਕੁਲਵਿੰਦਰ ਸਿੰਘ ੧੦੦/-, ਸ.ਹਰਪਾਲ ਸਿੰਘ ੧੦੦/-, ਬੀਬੀ ਸੁਰਜੀਤ ਕੌਰ ੧੦੦/-, ਸ.ਜਸਵਿੰਦਰ ਸਿੰਘ ੫੦੦/-, ਬੀਬੀ ਪਰਮਜੋਤ ਕੌਰ ੫੦/-, ਸ.ਪ੍ਰਦੁਮਨ ਸਿੰਘ ੧੦੦/-, ਸ.ਗੁਰਸ਼ਰਨ ਸਿੰਘ ੫੦/-, ਸ.ਨਿਰਮਲ ਸਿੰਘ ੨੦੦/-, ਗੁਪਤ ੧੦੦/-, ਸ.ਦਵਿੰਦਰ ਸਿੰਘ ੧੦੦/-, ਬੀਬੀ ਬਲਵਿੰਦਰ ਕੌਰ ੧੦੦/-, ਸ.ਕੁਲਦੀਪ ਸਿੰਘ ੪੦/-, ਕੈਪਟਨ ਉਪਲ ੫੦/-, ਸ.ਜਸਵੰਤ ਸਿੰਘ ੧੦੦/-, ਸ.ਗੁਰਮੇਲ ਸਿੰਘ ੫੦/-, ਸ.ਗੁਰਚਰਨ ਸਿੰਘ ੫੦/-, ਸ.ਮਨਮੋਹਨ ਸਿੰਘ ੫੦/-, ਸ.ਪ੍ਰਿਸ ਸਟੇਸ਼ਨਰੀ ੨੦/-, ਸ.ਅਮਰੀਕ ਸਿੰਘ ੧੦੦/-, ਸ.ਇੰਦਰਜੀਤ ਸਿੰਘ ੧੦੦/-, ਸ.ਹਰਵਿੰਦਰ ਸਿੰਘ ੧੦੦/-, ਸ.ਹਰਭਜਨ ਸਿੰਘ ੧੦੦/-, ਸ.ਰਣਧੀਰ ਸਿੰਘ ੧੦੦/-, ਬੀਬੀ ਅੰਮ੍ਰਿਤਪਾਲ ਕੌਰ ੧੦੦੦/-, ਸ.ਹਰਜੀਤ ਸਿੰਘ ਢਿਲੋ ੨੦/-, ਬੀ.ਕੇ.ਫੈਸ਼ਨ ੧੦੦/-, ਸ.ਗੁਰਨਾਮ ਸਿੰਘ ੧੦੦/-, ਸ.ਸਰਬਜੀਤ ਸਿੰਘ ੧੦੦/-, ਬੀਬੀ ਦਲਜੀਤ ਕੌਰ ੬੦੦੦/-, ਬੀਬੀ ਦਲਜੀਤ ਕੌਰ ੧੦੦/-, ਗੁਪਤ ੫੦/-, ਬੀਬੀ ਬਲਦੇਵ ਕੌਰ ੧੦੦/-, ਸ.ਰਪਿੰਦਰ ਸਿੰਘ ੫੦੦/-, ਬੀਬੀ ਇੰਦਰਜੀਤ ਕੌਰ ੨੦੦/-, ਚੌਹਾਨ ਜਿਊਲਰਜ਼ ੧੦੦/-, ਮਿਲਨ ਸ਼ਾਪ ੫੦/-, ਸ.ਚਰਨਜੀਤ ਸਿੰਘ ੫੦੦/-, ਸ.ਨਛੱਤਰ ਸਿੰਘ ੨੦੦/-, ਬੀਬੀ ਇਸਲੀਨ ਕੌਰ ੧੦੦/-, ਬੀਬੀ ਬਲਦੇਵ ਕੌਰ ੧੦੦/-, ਗੁਪਤ ੨੦੦/-, ਬੀਬੀ ਰਤਨ ਕੌਰ ੫੦੦/-, ਸ.ਬਲਦੇਵ ਸਿੰਘ ੨੦੦/-, ਸ.ਤਰਲੋਚਨ ਸਿੰਘ ੮੦੦/-, ਸ.ਕੁਲਦੀਪ ਸਿੰਘ ੨੦/-, ਸ.ਜੋਗਿੰਦਰ ਸਿੰਘ ੫੦/-, ਸ.ਹਰਬੰਸ ਸਿੰਘ ੫੦/-, ਦੁਆਬਾ ਫੈਸਨ ੧੦੦/-, ਸ.ਜੋਗਿੰਦਰ ਸਿੰਘ ੫੦/-, ਆਯੂਮੈਨ ਪਬਲਿਕ ਸਕੂਲ ੨੦/-, ਸ.ਗੁਰਦੀਪ ਸਿੰਘ ੫੦/-, ਸ.ਗੁਰਦਰਸਨ ਸਿੰਘ ੨੦/-, ਸ.ਸੁਰਿੰਦਰ ਸਿੰਘ ੧੦੦/-, ਸ.ਮਦਨਜੀਤ ਸਿੰਘ ੫੦/-, ਸ.ਜਸਵੰਤ ਸਿੰਘ ੧੦੦/-, ਸ.ਹਰਜਿੰਦਰ ਸਿੰਘ ੧੦੦/-, ਸ.ਇੰਦਰਜੀਤ ਸਿੰਘ ੨੦੦/-, ਗੁਪਤ ੫੦+੨੦੦/-, ਬੀਬੀ ਜੋਗਿੰਦਰ ਕੌਰ ੨੦/-, ਸ.ਅਜੀਤ ਸਿੰਘ ੫੦/-, ਗੁਪਤ ੧੦੦੦/-, ਬੀਬੀ ਤ੍ਰਿਪਤ ਕੌਰ ੨੦੦/-, ਸ.ਤਰਲੋਚਨ ਸਿੰਘ ੫੦੦/-, ਸ.ਮਾਨ ਸਿੰਘ ੨੦੦/-, ਬੀਬੀ ਗੁਰਪ੍ਰੀਤ ਕੌਰ ੧੦੦/-, ਸ.ਹਰਸਰਨ ਸਿੰਘ ੫੦/-, ਸ.ਹਰਭਜਨ ਸਿੰਘ ੧੦੦/-, ਸ.ਬਲਦੇਵ ਸਿੰਘ ੨੦੦/-, ਬੀਬੀ ਕੈਲਾਸ ਕੌਰ ੧੦੦/-, ਜੈਮ ਪਬਲਿਕ ਸਕੂਲ ੩੦੦/-, ਬੀਬੀ ਸੁਰਜੀਤ ਕੌਰ ੧੦੦/-, ਸ.ਦਾਰਾ ਸਿੰਘ ੫੦੦/-, ਬੀਬੀ ਰਜਮਨਦੀਪ ਕੌਰ ੧੦੦/-, ਸ.ਮੋਹਨ ਸਿੰਘ ੫੦੦/-, ਡਾ.ਚੰਦੋਕ ੫੦੦/-, ਸ.ਕਰਮ ਸਿੰਘ ੫੦/-, ਸ.ਜਤਿੰਦਰ ਸਿੰਘ ੫੦੦/-, ਸ.ਦਵਿੰਦਰ ਸਿੰਘ ੧੦੦/-, ਗੁਪਤ ੧੦੦+੧੦੦/-, ਸ੍ਰੀ ਨਾਰੰਗ ੨੦/-, ਆਕਾਲ ਓਪਟੀਕਲ ੧੦੦/-, ਨਾਗਪਾਲ ਡਿਪਾਰਟਮੈਂਟ ਸਟੋਰ ੧੦੦/-, ਜੀ.ਕੇ.ਸਟੇਸ਼ਨਰੀ ੨੦/-, ਸ.ਹਰਭਜਨ ਸਿੰਘ ੨੦੦/-, ਸ੍ਰੀ.ਐਸ.ਐਸ.ਜਸਪਾਲ ੧੦੦/-, ਸ.ਅਮਰਜੀਤ ਸਿੰਘ ੧੦੦/-, ਸ.ਰਾਜਵੰਤ ਸਿੰਘ ੨੦੦/-, ਡਾ.ਅਤਰ ਸਿੰਘ ੫੦੦/-, ਸ.ਮਹਿੰਦਰ ਸਿੰਘ ੫੦/-, ਸ.ਗੁਰਨਾਮ ਸਿੰਘ ੨੦/-, ਸ.ਗੁਰਨਾਮ ਸਿੰਘ ੪੦/-, ਸ.ਜੋਗਿੰਦਰ ਸਿੰਘ ੧੦੦/-, ਬੀਬੀ ਹਰਸਿਮਰਨ ਕੌਰ ੨੦੦/-, ਸ.ਰਾਜਿੰਦਰ ਸਿੰਘ ੨੦੦/-, ਸ.ਤਾਰਾ ਸਿੰਘ ੧੦੦/-, ਸ.ਹਾਕਮ ਸਿੰਘ ੨੦੦/-, ਬੀਬੀ ਸੁਰਿੰਦਰ ਕੌਰ ੧੦੦/-, ਸ.ਅਸੀਸ ਪ੍ਰਤਾਪ ਸਿੰਘ ੨੦/-, ਸ.ਚਰਨ ਸਿੰਘ ੨੦੦/-, ਸ.ਜਸਜੀਤ ਸਿੰਘ ੧੦੦/-, ਬੀਬੀ ਸੁਰਜੀਤ ਕੌਰ ੧੦੦/-, ਸ.ਅਮ੍ਰਿਤਪਾਲ ਸਿੰਘ ੫੦੦/-, ਸ੍ਰੀ.ਜੀ.ਐਸ.ਭੱਲਾ ੧੦੦੦/-, ਸ.ਦਿਲਦਾਰ ਸਿੰਘ ੧੦੦/-, ਸ.ਜਗਜੀਤ ਸਿੰਘ ੧੦੦/-, ਸ.ਚਰਨਜੀਤ ਸਿੰਘ ੨੦੦/-, ਬੀਬੀ ਪਰਮਜੀਤ ਕੌਰ ੧੦੦/-, ਸ.ਅਨਮੋਲ ਸਿੰਘ ੨੦੦/-, ਸ.ਗੁਰਕ੍ਰਿਪਾਲ ਸਿੰਘ ੫੦੦/-, ਸ੍ਰੀ.ਏ.ਐਸ.ਪਾਵਹਾ ੧੦੦/-,

# ਖਬਰਾਬਲੀ :

**ਯੂ.ਕੇ. 'ਚ ਮਹਾਰਾਜਾ ਦਲੀਪ ਸਿੰਘ ਦੀ ਵਿਰਾਸਤ ਨੂੰ ਦਰਸਾਉਣ ਲਈ ਥੈਟਫੋਰਡ ਅਜਾਇਬ ਘਰ ਨੂੰ ੨ ਲੱਖ ਪੌਂਡ ਦੀ ਗ੍ਰਾਂਟ :** ਲੰਡਨ, ੨੯ ਜਨਵਰੀ : ਪੰਜਾਬ ਦੇ ਆਖ਼ਰੀ ਸਿੱਖ ਬਾਦਸ਼ਾਹ ਮਹਾਰਾਜਾ ਦਲੀਪ ਸਿੰਘ ਦੇ ਬੇਟੇ ਫਰੈਡਰਿਕ ਦਲੀਪ ਸਿੰਘ ਵਲੋਂ ਥੈਟਫੋਰਡ ਕੌਂਸਲ ਨੂੰ ੧੯੨੪ 'ਚ ਅਜਾਇਬ ਘਰ ਬਨਾਉਣ ਲਈ ਦਾਨ ਕੀਤੇ ਆਪਣੇ ਨਿੱਜੀ ਘਰ ਦੀ ੧੦੦ਵੀਂ ਵਰ੍ਹੇਗੰਢ ਮੌਕੇ ਰਾਸ਼ਟਰੀ ਲਾਟਰੀ ਵਿਰਾਸਤੀ ਫੰਡ ਵਲੋਂ ਲਗਭਗ ੨ ਲੱਖ ਪੌਂਡ ਦੀ ਗ੍ਰਾਂਟ ਦਿੱਤੀ ਗਈ ਹੈ। ਇਹ ਪੈਸਾ ਮਹਾਰਾਜਾ ਦਲੀਪ ਸਿੰਘ ਦੇ ਪਰਿਵਾਰ ਦੇ ਜੀਵਨ ਨੂੰ ਪ੍ਰਦਰਸ਼ਿਤ ਕਰਨ ਲਈ ਅਗਲੇ ੨ ਸਾਲਾਂ 'ਚ ਵਰਤਿਆ ਜਾਵੇਗਾ। ਮਹਾਰਾਜਾ ਰਣਜੀਤ ਸਿੰਘ ਵਲੋਂ ੧੭੯੯ 'ਚ ਸਥਾਪਿਤ ਕੀਤੇ ਖਾਲਸਾ ਰਾਜ ਦਾ ਮਹਾਰਾਜਾ ਦਲੀਪ ਸਿੰਘ ੧੮੪੯ 'ਚ ੫ ਸਾਲ ਦੀ ਉਮਰ 'ਚ ਬਾਦਸ਼ਾਹ ਬਣਿਆ ਸੀ। ਜਿਸ ਨੂੰ ਬਾਅਦ 'ਚ ਦਲੀਪ ਸਿੰਘ ਨੂੰ ਬੰਦੀ ਬਣਾ ਕੇ ਇੰਗਲੈਂਡ ਲੈ ਆਂਦਾ। ਮਹਾਰਾਜਾ ਦਲੀਪ ਸਿੰਘ ਨੇ ਥੈਟਫੋਰਡ ਨਜ਼ਦੀਕ ਸਫਲਕ ਇਲਾਕੇ 'ਚ ਅਲਵੀਡਨ ਹਾਲ ਬਣਾਇਆ ਅਤੇ ਜਿੰਦਗੀ ਦਾ ਵੱਡਾ ਹਿੱਸਾ ਇਥੇ ਬਤੀਤ ਕੀਤਾ। ਉਨ੍ਹਾਂ ਦੀ ਮੌਤ ਤੋਂ ਬਾਅਦ ਵੀ ਉਨ੍ਹਾਂ ਦਾ ਪਰਿਵਾਰ ਇਸ ਇਲਾਕੇ 'ਚ ਹੀ ਰਹਿੰਦਾ ਰਿਹਾ।

**੩ ਸਾਲ ਬਾਅਦ ਵੀ ਨਹੀ ਹੋ ਸਕੀ ਪੀ.ਐਸ.ਜੀ.ਪੀ.ਸੀ ਦੀ ਚੋਣ**

ਅੰਮ੍ਰਿਤਸਰ, ੩੧ ਜਨਵਰੀ : ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀ.ਐਸ.ਜੀ.ਪੀ.ਸੀ) ਦਾ ਕਾਰਜਕਾਲ ਖਤਮ ਹੋਣ ਤੇ ਤਿੰਨ ਵਰ੍ਹੇ ਬਾਅਦ ਵੀ ਇਵਕੂਈ ਟੱਰਸਟ ਪ੍ਰਾਪਰਟੀ ਬੋਰਡ (ਈ.ਟੀ.ਪੀ.ਸੀ.ਬੀ.) ਨਵੇਂ ਪ੍ਰਧਾਨ ਜਾਂ ਮੈਂਬਰ ਦੀ ਨਿਯੁਕਤੀ ਬਾਰੇ ਕੋਈ ਫੈਸਲਾ ਨਹੀਂ ਲੈ ਸਕਿਆ ਹੈ। ਪੀ.ਐਸ.ਜੀ.ਪੀ.ਸੀ. ਦਾ ਕਾਰਜਕਾਲ ੧੨ ਜੁਲਾਈ ੨੦੨੧ ਨੂੰ ਖਤਮ ਹੋਣ ਤੋਂ ਬਾਅਦ ਬੋਰਡ ਵਲੋਂ ਨਵੇਂ ਮੈਂਬਰਾਂ ਜਾਂ ਅਹੁਦੇਦਾਰਾਂ ਦੀ ਨਿਯਕਤੀ ਕਰਨ ਦੀ ਬਜਾਏ ਪਹਿਲੀ ਕਮੇਟੀ ਨੂੰ ਹੀ ਮੁੜ ਬਹਾਲ ਕਰ ਦਿੱਤਾ ਸੀ।

**ਗੁਰਦੁਆਰਾ ਕਰਤਾਰਪੁਰ ਸਾਹਿਬ ਵਿਖੇ ਬਣਾਇਆ ਜਾ ਰਿਹਾ ਮਹਾਰਾਜਾ ਰਣਜੀਤ ਸਿੰਘ ਪਾਰਕ :** ਅੰਮ੍ਰਿਤਸਰ, ੨ ਫਰਵਰੀ : ਪਾਕਿਸਤਾਨ ਦੇ ਜ਼ਿਲ੍ਹਾ ਨਾਰੋਵਾਲ ਦੀ ਤਹਿਸੀਲ ਸ਼ਕਰਗੜ੍ਹ 'ਚ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਬਾਹਰਲੇ ਪਾਸੇ ਮਹਾਰਾਜਾ ਰਣਜੀਤ ਸਿੰਘ ਪਾਰਕ ਬਣਾਇਆ ਜਾ ਰਿਹਾ ਹੈ। ਜਿਸ 'ਚ ਰੰਗ-ਬਿਰੰਗੇ ਫੁੱਲ ਲਗਾਏ ਜਾਣਗੇ ਅਤੇ ਪਾਕਿਸਤਾਨੀ ਵਿਜ਼ਟਰ ਦੇ ਬੈਠਣ ਲਈ ਖੂਬਸੂਰਤ ਬੈਂਚ ਵੀ ਬਣਾਏ ਜਾ ਰਹੇ ਹਨ।

('ਰੋਜਾਨਾ ਅਜੀਤ' ਵਿਚੋਂ ਧੰਨਵਾਦ ਸਹਿਤ)

Date of Publication :1st & 2nd of every Month. Posted Through MB
P.O. Regn. G/CHD/0090/2024-2026
Regd. Newspaper R.N.I. PUNPUN/ 2000/3037
'ਗੁਰਬਾਣੀ ਚਾਨਣੁ' (ਮਾਸਿਕ ਪੱਤ੍ਰਿਕਾ)
If Undelivered Return to: Bhawan No. 6, Phase-3-A (Sec-53)
S.A.S. Nagar, MOHALI (Chandigarh) - 160059 (INDIA)

# ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

(ਅੰਗ-੧੧੦੮)

## ਮਹੀਨਾ ਚੇਤ

**ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥ ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ॥ ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ ॥ ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ ॥ ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ ॥ ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ ॥ ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ ॥ ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ ॥ ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ ॥੨॥**

ਸਾਰੇ ਸਾਲ ਨੂੰ ਮਨੁੱਖ ਨੇ ਚੰਦਰਮਾਂ ਅਤੇ ਸੂਰਜ ਦੇ ਲਿਹਾਜ ਨਾਲ ਬਾਰਾਂ ਮਹੀਨਿਆਂ ਵਿੱਚ ਵੰਡਿਆਂ ਹੋਇਆ ਹੈ। ਬਿਕ੍ਰਮੀ ਸੰਮਤ ਦੇ ਮਹੀਨੇ ਜਿਸ ਨੂੰ ਆਪਾਂ ਦੇਸੀ ਮਹੀਨੇ ਵੀ ਆਖਦੇ ਹਾਂ, ਚੇਤ ਦੇ ਮਹੀਨੇ ਤੋਂ ਸਾਲ ਦੀ ਸ਼ੁਰੂਆਤ ਹੁੰਦੀ ਹੈ। ਸੋ ਚੇਤ ਮਹੀਨੇ ਦੇ ਰਾਹੀਂ ਸਤਿਗੁਰੂ ਅਰਜਨ ਦੇਵ ਜੀ ਸਾਨੂੰ ਉਪਦੇਸ਼ ਦਿੰਦੇ ਹਨ। ਐ ਬੰਦੇ ! ਚੇਤ ਦੇ ਮਹੀਨੇ ਵਿੱਚ ਗੋਬਿੰਦ (ਧਰਤੀ ਦੇ ਮਾਲਕ) ਦੀ ਅਰਾਧਨਾ (ਸਿਮਰਨ) ਕਰ ਤਾਂ ਤੈਨੂੰ ਬੜਾ ਹੀ ਅਨੰਦ ਪ੍ਰਾਪਤ ਹੋਵੇਗਾ। ਸੰਤ ਜਨਾਂ ਦੇ ਨਾਲ ਮਿਲ ਕੇ ਨਾਮ ਪ੍ਰਾਪਤ ਹੁੰਦਾ ਹੈ ਅਤੇ ਨਾਮ ਦਾ ਸਿਮਰਨ ਵੀ ਉਨ੍ਹਾਂ ਨਾਲ ਮਿਲ ਕੇ ਕੀਤਾ ਜਾਂਦਾ ਹੈ।

ਇਸ ਸੰਸਾਰ ਵਿੱਚ ਉਨ੍ਹਾਂ ਬੰਦਿਆਂ ਦਾ ਆਉਣਾ ਸਫਲ ਗਿਣਿਆ ਜਾ ਸਕਦਾ ਹੈ ਜਿਨ੍ਹਾਂ ਨੇ ਇਸ ਜਨਮ ਵਿੱਚ ਪ੍ਰਭੂ ਨੂੰ ਪਾ ਲਿਆ ਹੋਵੇ। ਜਿਨ੍ਹਾਂ ਨੇ ਪ੍ਰਭੂ ਨੂੰ ਪਾ ਲਿਆ ਉਨ੍ਹਾਂ ਲਈ ਛਿਨ ਮਾਤ੍ਰ ਵੀ ਉਸ (ਪ੍ਰਭੂ) ਤੋਂ ਬਿਨਾਂ ਜੀਵਨ ਬਿਰਥਾ ਸਮਝਿਆ ਜਾਂਦਾ ਹੈ।

ਉਹ ਪ੍ਰਭੂ ਕੈਸਾ ਹੈ ? ਉਹ ਜਲ, ਦਰਿਆਵਾਂ, ਸਮੁੰਦਰ, ਸਰੋਵਰਾਂ, ਪਾਤਾਲਾਂ ਵਿੱਚ ਅਤੇ ਆਕਾਸ਼ ਵਿੱਚ ਫੈਲਿਆ ਹੋਇਆ ਹੈ। ਸਰਬ-ਵਿਆਪਕ ਹੈ, ਜੰਗਲਾਂ ਬੇਲਿਆਂ ਵਿਚ ਵੀ ਉਸ ਦਾ ਵਾਸਾ ਹੈ। ਐਸੇ ਪ੍ਰਭੂ ਨੂੰ ਤਿਆਗ ਕੇ ਬਹੁਤ ਵੱਡਾ ਦੁੱਖ ਲੱਗਦਾ ਹੈ, ਪਰ ਜਿਨ੍ਹਾਂ ਨੇ ਪ੍ਰਮਾਤਮਾ ਦੀ ਆਰਾਧਨਾ ਕੀਤੀ ਹੈ, ਉਸ ਦੇ ਬਹੁਤ ਵੱਡੇ ਭਾਗ ਬਣ ਜਾਂਦੇ ਹਨ। ਮੇਰੇ ਮਨ ਵਿੱਚ ਉਸ ਵਾਹਿਗੁਰੂ ਜੀ ਦੇ ਦਰਸ਼ਨਾਂ ਦੀ ਬਹੁਤ ਵੱਡੀ ਤਾਂਘ ਹੈ। ਮੇਰਾ ਪਿਆਸਾ ਮਨ, ਉਸ ਦੇ ਦਰਸ਼ਨਾਂ ਨੂੰ ਲੋਚਦਾ ਹੈ, ਚੇਤ ਦੇ ਮਹੀਨੇ ਵਿੱਚ ਜੋ ਮੇਰੇ ਮਾਲਕ ਨੂੰ, ਮੈਨੂੰ ਮਿਲਾ ਦੇਵੇ ਮੈਂ ਬਾਰ ਬਾਰ ਉਸ ਮਹਾਂ ਪੁਰਸ਼ ਦੇ ਪੈਰ ਪਕੜਾਂ, ਚਰਨ ਪਰਸਨਾ ਕਰਾਂ।